


PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
02 ਜੁਲਾਈ ਤੋਂ 08 ਜੁਲਾਈ, 2026
Email :- editor@punjabstar.com, Vo. 20. Issue:1244




## ਕੈਨੇਡੀਅਨ ਸਰਕਾਰ 'ਤੇ ਹਾਊਸਿੰਗ ਕਾਨੂੰਨ 'ਚ ਕਿਰਾਏਦਾਰਾਂ ਵਿਰੁੱਧ ਪੱਖਪਾਤ ਕਰਨ ਦਾ ਦੋਸ਼



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੀ ਸੰਸਦ ਵਿੱਚ ਮਕਾਨ ਮਾਲਕਾਂ ਦੀ ਵੱਡੀ ਗਿਣਤੀ ਅਤੇ ਕਿਰਾਏਦਾਰਾਂ ਦੀ ਘੱਟ ਨੁਮਾਇੰਦਗੀ ਨੇ ਇੱਕ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ। ਹਾਊਸਿੰਗ ਹੱਕਾਂ ਲਈ ਕੰਮ ਕਰਨ ਵਾਲੇ ਕਈ ਸਮੂਹਾਂ ਦਾ ਮੰਨਣਾ ਹੈ ਕਿ ਇਹ ਅਸਮਾਨਤਾ ਕਿਰਾਏਦਾਰਾਂ ਦੇ ਹੱਕਾਂ ਵਿਰੁੱਧ ਇੱਕ ਪੱਖਪਾਤ ਪੈਦਾ ਕਰਦੀ ਹੈ। ਕੈਨੇਡਾ ਵਿੱਚ ਕਰੀਬ 30 ਫ਼ੀਸਦੀ ਪਰਿਵਾਰ ਕਿਰਾਏ ਦੇ ਘਰਾਂ ਵਿੱਚ ਰਹਿੰਦੇ ਹਨ, * ਬਾਕੀ ਸਫ਼ਾ 2 'ਤੇ

## ਵੈਨੇਜ਼ੁਏਲਾ ਭੂਚਾਲ 'ਚ ਮਰਨ ਵਾਲਿਆਂ ਦੀ ਗਿਣਤੀ 1700 ਤੋਂ ਪਾਰ



ਲਾ ਗੁਏਰਾ, (ਪੰਜਾਬ ਸਟਾਰ ਬਿਓਰੋ): ਵੈਨੇਜ਼ੁਏਲਾ 'ਚ ਭੂਚਾਲ ਦੇ ਜ਼ਬਰਦਸਤ ਝਟਕਿਆਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਹੁਣ ਤੱਕ 1700 ਤੋਂ ਵੱਧ ਹੋ ਚੁੱਕੀ ਹੈ ਅਤੇ 5,000 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਰਾਹਤ ਸੰਸਥਾਵਾਂ ਵੱਲੋਂ ਭੂਚਾਲ ਕਾਰਨ ਨੁਕਸਾਨੀਆਂ ਇਮਾਰਤਾਂ ਦੇ ਮਲਬੇ ਹੇਠੋਂ ਲੋਕਾਂ ਨੂੰ ਕੱਢਣ * ਬਾਕੀ ਸਫ਼ਾ 2 'ਤੇ

# ਫਰਾਂਸ 'ਚ ਗਰਮੀ ਕਾਰਨ ਹਜ਼ਾਰ ਤੋਂ ਵੱਧ ਮੌਤਾਂ

## ਯੂਰੋਪ ਦੇ ਕਈ ਮੁਲਕਾਂ 'ਚ ਤਾਪਮਾਨ 40 ਡਿਗਰੀ ਦੇ ਪਾਰ



(ਪੰਜਾਬ ਸਟਾਰ ਬਿਓਰੋ): ਯੂਰੋਪ ਵਿੱਚ ਗਰਮੀ ਦਾ ਕਹਿਰ ਜਾਰੀ ਹੈ। ਇਸ ਦੇ ਕਈ ਹਿੱਸਿਆਂ ਵਿੱਚ ਅੱਜ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਪਾਰ ਪਹੁੰਚ ਗਿਆ। ਫਰਾਂਸ ਦੀ ਜਨਤਕ ਸਿਹਤ ਏਜੰਸੀ ਅਨੁਸਾਰ ਇਸ ਗਰਮੀ ਕਾਰਨ ਕਰੀਬ ਇੱਕ ਹਜ਼ਾਰ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਬਜ਼ੁਰਗ ਸ਼ਾਮਲ ਹਨ।

ਵਿਗਿਆਨੀਆਂ ਨੇ 20 ਜੂਨ ਤੋਂ ਸ਼ੁਰੂ ਹੋਈ ਇਸ ਲਹਿਰ ਨੂੰ ਯੂਰੋਪ ਦੇ ਇਤਿਹਾਸ ਦੀ ਸਭ ਤੋਂ ਭਿਆਨਕ ਲਹਿਰ ਦੱਸਿਆ ਹੈ, ਜਿਸ ਨੇ ਸਿਹਤ ਪ੍ਰਣਾਲੀ, ਬਿਜਲੀ ਉਤਪਾਦਨ ਅਤੇ ਆਵਾਜਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਮਾਹਿਰਾਂ ਮੁਤਾਬਕ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਹੀ ਜਲਵਾਯੂ ਤਬਦੀਲੀ ਨੇ ਇਹ ਸਥਿਤੀ ਹੋਰ ਗੰਭੀਰ ਬਣਾ ਦਿੱਤੀ ਹੈ।

ਜਰਮਨੀ, ਪੋਲੈਂਡ ਅਤੇ * ਬਾਕੀ ਸਫ਼ਾ 2 'ਤੇ

## ਲਾਹੌਰ 'ਚ ਦੁਖਦਾਈ ਘਟਨਾ:

## ਟਿਊਸ਼ਨ ਸੈਂਟਰ ਦੀ ਛੱਤ ਡਿੱਗਣ ਨਾਲ 14 ਬੱਚਿਆਂ ਦੀ ਮੌਤ, 20 ਤੋਂ ਵੱਧ ਜ਼ਖ਼ਮੀ



(ਪੰਜਾਬ ਸਟਾਰ ਬਿਓਰੋ): ਪਾਕਿਸਤਾਨ ਦੇ ਲਾਹੌਰ ਵਿੱਚ ਇੱਕ ਦੁਖਦਾਈ ਘਟਨਾ ਵਾਪਰੀ ਹੈ। ਇੱਕ ਨਿਰਮਾਣ ਅਧੀਨ ਇਮਾਰਤ ਵਿੱਚ ਸਥਿਤ ਇੱਕ ਨਿੱਜੀ ਟਿਊਸ਼ਨ ਸੈਂਟਰ ਦੀ ਛੱਤ ਡਿੱਗਣ ਨਾਲ ਘੱਟੋ-ਘੱਟ 14 ਬੱਚਿਆਂ ਦੀ ਮੌਤ ਅਤੇ 20 ਹੋਰ ਜ਼ਖਮੀ ਹੋਏ ਹਨ। ਪੁਲਿਸ ਨੇ ਦੱਸਿਆ ਕਿ ਸੰਘਣੀ ਆਬਾਦੀ ਵਾਲੇ ਕਾਹਨਾ ਨੌ ਇਲਾਕੇ ਵਿੱਚ ਸਥਿਤ ਅਕੈਡਮੀ ਵਿੱਚ ਸੱਤ ਤੋਂ 13 ਸਾਲ ਦੀ ਉਮਰ ਦੇ 30 ਤੋਂ ਵੱਧ ਬੱਚੇ ਕਲਾਸਾਂ ਵਿੱਚ ਪੜ੍ਹ ਰਹੇ ਸਨ ਜਦੋਂ ਛੱਤ ਅਚਾਨਕ ਡਿੱਗ ਗਈ, ਜਿਸ ਕਾਰਨ ਬੱਚੇ ਮਲਬੇ ਹੇਠ ਦੱਬ ਗਏ।

ਲਾਹੌਰ ਦੇ ਡਿਪਟੀ ਇੰਸਪੈਕਟਰ ਜਨਰਲ (ਆਪ੍ਰੇਸ਼ਨ) ਫੈਸਲ ਕਾਮਰਾਨ ਨੇ ਕਿਹਾ, "ਹੁਣ ਤੱਕ, ਮਲਬੇ ਵਿੱਚੋਂ 14 ਬੱਚਿਆਂ ਦੀਆਂ ਲਾਸ਼ਾਂ ਕੱਢੀਆਂ ਗਈਆਂ ਹਨ। 20 ਜ਼ਖਮੀ ਬੱਚਿਆਂ ਅਤੇ ਇੱਕ ਮਹਿਲਾ ਅਧਿਆਪਕਾ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਬਚਾਅ ਟੀਮਾਂ ਮਲਬੇ ਵਿੱਚ ਫਸੇ ਹੋਰਾਂ ਦੀ ਭਾਲ ਲਈ ਲਗਾਤਾਰ ਕਾਰਵਾਈਆਂ ਕਰ ਰਹੀਆਂ ਹਨ।"

ਪੁਲਿਸ ਅਧਿਕਾਰੀ ਕਾਮਰਾਨ ਨੇ ਦੱਸਿਆ, "ਇਮਾਰਤ ਦਾ ਇੱਕ ਹਿੱਸਾ ਨਿਰਮਾਣ ਅਧੀਨ ਸੀ, ਅਤੇ ਛੱਤ ਡਿੱਗਣ ਵੇਲੇ ਉੱਥੇ ਮਜ਼ਦੂਰ ਕੰਮ ਕਰ ਰਹੇ ਸਨ। ਅਸੀਂ ਠੇਕੇਦਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।" ਲਾਹੌਰ ਜ਼ਿਲ੍ਹਾ ਸਿੱਖਿਆ ਅਥਾਰਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਤਾਰਿਕ ਮਹਿਮੂਦ ਨੇ ਕਿਹਾ ਕਿ ਇਮਾਰਤ ਵਿੱਚ ਇੱਕ ਸਥਾਨਕ ਔਰਤ ਦੁਆਰਾ ਇੱਕ ਨਿੱਜੀ ਟਿਊਸ਼ਨ ਸੈਂਟਰ ਚਲਾਇਆ ਜਾ ਰਿਹਾ ਸੀ। ਈਧੀ ਫਾਊਂਡੇਸ਼ਨ ਨੇ ਰਿਪੋਰਟ * ਬਾਕੀ ਸਫ਼ਾ 2 'ਤੇ

## ਟੋਰਾਂਟੋ ਦੀਆਂ ਸੜਕਾਂ 'ਤੇ ਗੂੰਜਿਆ GO CANADA

## ਸਿੱਖ ਮੋਟਰਸਾਈਕਲ ਕਲੱਬ ਨੇ ਫੀਫਾ 'ਚ ਟੀਮ ਕੈਨੇਡਾ ਦੀ ਜਿੱਤ ਲਈ ਕੀਤੀ ਸ਼ਾਨਦਾਰ ਰਾਈਡ



ਬਲਜਿੰਦਰ ਸੇਖਾ ਦਾ ਗੀਤ "ਗੋ ਕੈਨੇਡਾ" ਟੋਰਾਂਟੋ ਦੀਆਂ ਸੜਕਾਂ ਤੇ ਗੂੰਜਿਆ

ਟੋਰਾਂਟੋ (ਬਿਊਰੋ ਰਿਪੋਰਟਰ) ਅੱਜ ਕੱਲ ਚੱਲ ਰਹੇ ਕੈਨੇਡਾ, ਸੰਯੁਕਤ ਰਾਜ ਅਮਰੀਕਾ ਅਤੇ ਮੈਕਸੀਕੋ ਦੁਆਰਾ ਸਹਿ-ਮੇਜ਼ਬਾਨੀ ਕੀਤੇ ਗਏ ਫੀਫਾ ਵਿਸ਼ਵ ਕੱਪ 2026 ਦੇ ਜਸ਼ਨ ਵਿੱਚ, ਸਿੱਖ ਮੋਟਰਸਾਈਕਲ ਕਲੱਬ ਆਫ਼ ਕੈਨੇਡਾ - ਓਨਟਾਰੀਓ ਚੈਪਟਰ ਨੇ ਟੀਮ ਕੈਨੇਡਾ ਲਈ ਸਮਰਥਨ ਦਿਖਾਉਣ ਵਾਸਤੇ ਐਤਵਾਰ, ਅੱਜ ਟੋਰਾਂਟੋ ਦੀਆਂ ਗਲੀਆਂ ਵਿੱਚ ਇੱਕ ਵੱਡੀ ਮੋਟਰਸਾਈਕਲ ਰਾਈਡ ਦਾ ਆਯੋਜਨ ਕੀਤਾ।

ਓਨਟਾਰੀਓ ਭਰ ਤੋਂ ਦਰਜਨਾਂ ਸਵਾਰਾਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ, ਟੋਰਾਂਟੋ ਵਿੱਚੋਂ "ਗੋ ਕੈਨੇਡਾ" ਗੀਤ ਦੀਆਂ ਪ੍ਰੇਰਨਾਦਾਇਕ ਆਵਾਜ਼ਾਂ 'ਤੇ ਸਵਾਰੀ ਕਰਦੇ ਹੋਏ ਆਪਣੇ ਮੋਟਰਸਾਈਕਲਾਂ 'ਤੇ ਕੈਨੇਡੀਅਨ ਝੰਡੇ ਪ੍ਰਦਰਸ਼ਿਤ ਕੀਤੇ। ਇਸ ਰਾਈਡ ਨੇ ਨਿਵਾਸੀਆਂ ਅਤੇ ਸੈਲਾਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ, ਜਿਸ ਵਿੱਚ ਕੈਨੇਡੀਅਨ ਮਾਣ, ਏਕਤਾ ਅਤੇ ਬਹੁ-ਸੱਭਿਆਚਾਰਵਾਦ ਦਾ ਪ੍ਰਦਰਸ਼ਨ ਕੀਤਾ ਗਿਆ।

ਵਰਨਣਯੋਗ ਹੈ ਕਿ ਸਿੱਖ ਭਾਈਚਾਰੇ ਨੇ ਇੱਕ ਸਦੀ ਤੋਂ ਵੱਧ ਸਮੇਂ ਤੋਂ ਕੈਨੇਡਾ * ਬਾਕੀ ਸਫ਼ਾ 2 'ਤੇ

## US-Canada ਦੇ ਬਾਰਡਰ ਤੋਂ 2 ਭਾਰਤੀ ਨਾਗਰਿਕ ਗ੍ਰਿਫ਼ਤਾਰ

### 109 ਕਿਲੋ ਕੋਕੀਨ ਬਰਾਮਦ ਹੋਣ ਦਾ ਦਾਅਵਾ




ਸਵੀਟਗ੍ਰਾਸ, (ਪੰਜਾਬ ਸਟਾਰ ਬਿਓਰੋ): ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਕੈਨੇਡਾ ਨਾਲ ਲਗਦੇ ਬਾਰਡਰ ਤੋਂ 2 ਭਾਰਤੀ ਨਾਗਰਿਕਾਂ ਕੋਲੋਂ 109 ਕਿਲੋ ਕੋਕੀਨ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਮੌਨਟੈਨਾ ਦੇ ਸਵੀਟਗ੍ਰਾਸ ਇਲਾਕੇ ਵਿਚ ਦੋਵੇਂ ਭਾਰਤੀ ਨਸ਼ਿਆਂ ਦੀ ਖੇਪ ਲਿਜਾ ਰਹੇ ਸਨ ਜਦੋਂ ਇਨ੍ਹਾਂ ਰੋਕਿਆ ਗਿਆ। ਫ਼ਿਲਹਾਲ ਦੋਹਾਂ ਭਾਰਤੀ ਨਾਗਰਿਕਾਂ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਅਤੇ ਇੰਮੀਗ੍ਰੇਸ਼ਨ ਹਿਰਾਸਤੀ ਕੇਂਦਰ ਵਿਚ ਭੇਜ ਦਿਤਾ ਗਿਆ ਹੈ।

ਦੂਜੇ ਪਾਸੇ, ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਦਾਖ਼ਲ ਹੋ ਰਹੇ 34 ਪ੍ਰਵਾਸੀਆ ਨੂੰ ਕੈਲੇਫੋਰਨੀਆ ਦੇ ਐਲ ਸੈਂਟਰੋ ਸੈਕਟਰ ਵਿਚ ਕਾਬੂ ਕੀਤੇ ਜਾਣ ਦੀ ਰਿਪੋਰਟ ਹੈ। ਕਸਟਮਜ਼ ਅਤੇ ਬਾਰਡਰ ਪੈਟਰੋਲ ਵਾਲਿਆਂ ਨੇ ਦੱਸਿਆ ਕਿ ਇੰਪੀਅਰਲ ਕਾਊਂਟੀ ਵਿਚ ਹਾਈਵੇਅ * ਬਾਕੀ ਸਫ਼ਾ 2 'ਤੇ

## ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਰਕਾਰ ਨੂੰ ਇੱਕ ਮਹੀਨੇ ਦਾ ਅਲਟੀਮੇਟਮ

### ਆਗੂਆਂ ਨੇ ਜਤਾਈ ਸਹਿਮਤੀ




ਅੰਮ੍ਰਿਤਸਰ, (ਪੰਜਾਬ ਸਟਾਰ ਬਿਓਰੋ): 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੇ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਚੱਲੀ ਕਈ ਘੰਟਿਆਂ ਦੀ ਇਤਿਹਾਸਕ ਅਤੇ ਭਾਵੁਕ ਸੁਣਵਾਈ ਇੱਕ ਵੱਡੇ ਸਿਆਸੀ ਤੇ ਧਾਰਮਿਕ ਸਮਝੌਤੇ ਨਾਲ ਸੰਪੂਰਨ ਹੋ ਗਈ ਹੈ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ), ਐਕਟ 2026 ਨੂੰ ਲੈ ਕੇ ਅੱਜ ਪੰਜਾਬ ਵਿਧਾਨ ਸਭਾ ਦੇ ਸਿੱਖ ਮੰਤਰੀਆਂ ਤੇ ਵਿਧਾਇਕਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਸੀ। ਸਾਰੇ ਮੰਤਰੀਆਂ ਦੇ ਵਿਧਾਇਕਾਂ ਤੋਂ ਕਾਨੂੰਨ ਸਬੰਧੀ ਸਪੱਸ਼ਟੀਕਰਨ ਮੰਗਿਆ ਗਿਆ ਤੇ ਇਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਭਾਵਨਾਵਾਂ ਅਨੁਸਾਰ ਐਕਟ ਨੂੰ ਮੁੜ ਸੋਧਣ ਲਈ ਪੰਜਾਬ ਸਰਕਾਰ ਨੂੰ ਇੱਕ ਮਹੀਨੇ ਦਾ ਸਮਾਂ ਦਿੱਤਾ ਹੈ। * ਬਾਕੀ ਸਫ਼ਾ 2 'ਤੇ

## ਸ੍ਰੀ ਅਕਾਲ ਤਖ਼ਤ ਦੇ ਸੁਝਾਵਾਂ 'ਤੇ ਵਿਚਾਰ ਕਰੇਗੀ ਸਰਕਾਰ: ਸਪੀਕਰ ਸੰਧਵਾਂ



ਅੰਮ੍ਰਿਤਸਰ, (ਪੰਜਾਬ ਸਟਾਰ ਬਿਓਰੋ): ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇਦਾਰ ਸਾਹਿਬ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੀਡੀਆ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਮੀਟਿੰਗ ਨੂੰ ਸਾਰਥਕ ਕਰਾਰ ਦਿੱਤਾ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਗੁਰੂ ਰਾਮਦਾਸ ਪਾਤਸ਼ਾਹ ਦੀ ਕਿਰਪਾ ਨਾਲ ਉਨ੍ਹਾਂ ਨੂੰ ਦਰਬਾਰ ਸਾਹਿਬ ਵਿਖੇ * ਬਾਕੀ ਸਫ਼ਾ 2 'ਤੇ





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
**ਹੁਣੇ ਹੀ ਕਾਲ ਕਰੋ**
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



**BRAR TAMBER RIGBY**
PERSONAL INJURY LAWYERS
We Help Get You the Compensation You Deserve
Book a free consultation:
**1-833-BRAR-LAW**

**PERSONAL INJURY**
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

**FOR ALL YOUR REAL ESTATE NEEDS**



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੰਜਾਬ ਫ਼ਾਰਮੂਲਾ: ਚਰਨਜੀਤ ਚੰਨੀ ਤੇ ਸੁਖਜਿੰਦਰ ਰੰਧਾਵਾ ਹੋਏ ਨਾਰਾਜ਼!



ਕਾਂਗਰਸ ਹਾਈਕਮਾਂਡ ਵੱਲੋਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਤਿਆਰ ਕੀਤੇ 'ਪੰਜਾਬ ਫ਼ਾਰਮੂਲੇ' ਤੋਂ ਬਹੁਤੇ ਆਗੂ ਨਾਖ਼ੁਸ਼ ਜਾਪਦੇ ਹਨ। ਹਾਈਕਮਾਂਡ ਨੇ ਲੰਘੇ ਕੱਲ੍ਹ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਬਰਕਰਾਰ ਰੱਖਿਆ ਹੈ ਜਦੋਂ ਕਿ ਚਾਰ ਨਵੀਆਂ ਕਮੇਟੀਆਂ ਦਾ ਗਠਨ ਕਰਕੇ ਸਭ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਹੈ। ਪੰਜਾਬ ਕਾਂਗਰਸ 'ਚ ਹਾਈਕਮਾਂਡ ਦੀ ਨਵੀਂ ਸੂਚੀ ਜਾਰੀ ਹੋਣ ਮਗਰੋਂ ਖ਼ਾਮੋਸ਼ੀ ਬਣੀ ਹੋਈ ਹੈ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੋਣ ਪ੍ਰਚਾਰ ਕਮੇਟੀ ਦਾ ਚੇਅਰਮੈਨ ਥਾਪਿਆ ਗਿਆ ਹੈ ਪ੍ਰੰਤੂ ਉਹ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਦਾਅਵੇਦਾਰ ਸਨ। ਪ੍ਰਧਾਨਗੀ ਦੀ ਕਤਾਰ 'ਚ ਹੀ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਸਨ। ਚਰਨਜੀਤ ਚੰਨੀ ਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਆਪਣੇ 'ਐਕਸ' ਖਾਤਿਆਂ 'ਤੇ ਹਾਲੇ ਤੱਕ ਨਵੀਂ ਨਿਯੁਕਤੀ ਮਗਰੋਂ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਨ ਲਈ ਕੋਈ ਪੋਸਟ ਸਾਂਝੀ ਨਹੀਂ ਕੀਤੀ ਹੈ।

ਸੁਖਜਿੰਦਰ ਸਿੰਘ ਰੰਧਾਵਾ ਨੇ ਸਚਿਨ ਪਾਇਲਟ ਨਵੀਂ ਸੂਚੀ ਵਾਲੀ ਲਿਸਟ ਨੂੰ ਰੀਟਵੀਟ ਜ਼ਰੂਰ ਕੀਤਾ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਨਵੀਂ ਸੂਚੀ ਆਉਣ ਮਗਰੋਂ ਸਭ ਤੋਂ ਪਹਿਲਾਂ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕੀਤਾ ਸੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੇ ਐਕਸ ਖਾਤੇ 'ਤੇ ਵੀ ਹਾਈਕਮਾਂਡ ਨੂੰ ਮੁਖ਼ਾਤਬ ਕੋਈ ਧੰਨਵਾਦੀ ਪੋਸਟ ਨਜ਼ਰ ਨਹੀਂ ਆਈ।

ਇਸੇ ਤਰ੍ਹਾਂ ਸਾਬਕਾ ਮੰਤਰੀ ਪਰਗਟ ਸਿੰਘ ਜੋ ਪ੍ਰਧਾਨਗੀ ਦੇ ਦਾਅਵੇਦਾਰ ਸਨ, ਨੇ ਵੀ ਅਜਿਹੀ ਕੋਈ ਪੋਸਟ ਸਾਂਝੀ ਨਹੀਂ ਕੀਤੀ। ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾਵਾਂ ਵੱਲੋਂ ਹਾਈਕਮਾਂਡ ਵੱਲੋਂ ਦਿੱਤੀ ਨਵੀਂ ਜ਼ਿੰਮੇਵਾਰੀ ਮਗਰੋਂ ਸੋਸ਼ਲ ਮੀਡੀਆ 'ਤੇ ਕੋਈ ਧੰਨਵਾਦੀ ਪੋਸਟ ਨਾ ਸਾਂਝੀ ਕਰਨਾ, ਪੰਜਾਬ ਕਾਂਗਰਸ 'ਚ ਤੂਫ਼ਾਨ ਤੋਂ ਪਹਿਲਾਂ ਵਾਲੀ ਸ਼ਾਂਤੀ ਵਾਂਗ ਜਾਪਦਾ ਹੈ।

ਇੰਝ ਜਾਪਦਾ ਹੈ ਕਿ ਉਪਰੋਕਤ ਆਗੂਆਂ ਦੀ ਪਸੰਦਗੀ ਵਾਲਾ ਕਦਮ ਹਾਈਕਮਾਂਡ ਵੱਲੋਂ ਨਹੀਂ ਚੁੱਕਿਆ ਗਿਆ। ਪਤਾ ਲੱਗਿਆ ਹੈ ਕਿ ਦੋ ਸੀਨੀਅਰ ਆਗੂਆਂ ਦੇ ਸ਼ੁਭਚਿੰਤਕ ਅੰਦਰੋਂ ਅੰਦਰੀਂ ਕਾਫ਼ੀ ਖ਼ਫ਼ਾ ਹਨ। ਮੁੱਢਲੇ ਪੜਾਅ 'ਤੇ ਕਾਂਗਰਸ ਦਾ ਪੁਨਰਗਠਨ ਹੋਣ ਮਗਰੋਂ ਵੀ ਅੰਦਰੂਨੀ ਧੜੇਬੰਦੀ ਕੋਈ ਘਟੀ ਨਹੀਂ ਹੈ।

# ਜਾਪਾਨ 'ਚ ਕੈਨੇਡਾ ਦਾ ਵਪਾਰਕ ਦਾਅ

## ਨਵੇਂ ਬਾਜ਼ਾਰਾਂ 'ਤੇ ਫੋਕਸ



ਕੈਨੇਡਾ ਨੇ ਇੰਡੋ-ਪੈਸੀਫਿਕ ਖੇਤਰ ਵਿੱਚ ਆਪਣੀ ਆਰਥਿਕ ਮੌਜੂਦਗੀ ਹੋਰ ਮਜ਼ਬੂਤ ਕਰਨ ਅਤੇ ਰਵਾਇਤੀ ਬਾਜ਼ਾਰਾਂ ਉੱਤੇ ਨਿਰਭਰਤਾ ਘਟਾਉਣ ਦੀ ਰਣਨੀਤੀ ਤਹਿਤ ਜਾਪਾਨ ਵਿੱਚ ਇੱਕ ਮਹੱਤਵਪੂਰਨ 'ਟੀਮ ਕੈਨੇਡਾ' ਵਪਾਰ ਮਿਸ਼ਨ ਪੂਰਾ ਕੀਤਾ। ਅੰਤਰਰਾਸ਼ਟਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਦੀ ਅਗਵਾਈ ਹੇਠ ਹੋਏ ਇਸ ਪੰਜ ਦਿਨਾ ਦੌਰੇ ਦੌਰਾਨ ਕੈਨੇਡਾ ਅਤੇ ਜਾਪਾਨ ਵਿਚਾਲੇ ਵਪਾਰ, ਨਿਵੇਸ਼ ਅਤੇ ਉਦਯੋਗਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਕਈ ਅਹਿਮ ਮੀਟਿੰਗਾਂ ਅਤੇ ਕਾਰੋਬਾਰੀ ਵਿਚਾਰ-ਵਟਾਂਦਰੇ ਹੋਏ।

ਇਸ ਵਪਾਰ ਮਿਸ਼ਨ ਵਿੱਚ ਕੈਨੇਡਾ ਦੇ ਵੱਖ-ਵੱਖ ਸੂਬਿਆਂ ਤੋਂ 170 ਤੋਂ ਵੱਧ ਕੰਪਨੀਆਂ ਅਤੇ ਸੰਸਥਾਵਾਂ ਦੇ ਲਗਪਗ 320 ਕਾਰੋਬਾਰੀ ਨੁਮਾਇੰਦਿਆਂ ਨੇ ਭਾਗ ਲਿਆ। ਪ੍ਰਤੀਨਿਧ ਮੰਡਲ ਵਿੱਚ ਛੋਟੇ ਅਤੇ ਦਰਮਿਆਨੇ ਉਦਯੋਗਾਂ (ਐੱਸਐੱਮਈਜ਼), ਸਟਾਰਟਅੱਪ, ਨਿਰਯਾਤ ਕਾਰਾਂ, ਨਿਵੇਸ਼ਕਾਂ, ਸੂਬਾਈ ਵਪਾਰ ਏਜੰਸੀਆਂ ਅਤੇ ਉਦਯੋਗਿਕ ਸੰਗਠਨਾਂ ਦੇ ਨੁਮਾਇੰਦੇ ਸ਼ਾਮਲ ਸਨ। ਦੌਰੇ ਦੌਰਾਨ ਸੈਂਕੜੇ ਬਿਜ਼ਨਸ-ਟੂ-ਬਿਜ਼ਨਸ (ਭ2ਭ) ਮੀਟਿੰਗਾਂ ਰਾਹੀਂ ਕੈਨੇਡੀਅਨ ਕੰਪਨੀਆਂ ਨੂੰ ਜਾਪਾਨੀ ਭਾਈਵਾਲਾਂ ਨਾਲ ਸਿੱਧੇ ਸੰਪਰਕ ਦਾ ਮੌਕਾ ਮਿਲਿਆ।

ਮੰਤਰੀ ਮਨਿੰਦਰ ਸਿੱਧੂ ਨੇ ਕਿਹਾ ਕਿ ਅੱਜ ਦੇ ਬਦਲਦੇ ਵਿਸ਼ਵ ਆਰਥਿਕ ਅਤੇ ਭੂ-ਰਾਜਨੀਤਿਕ ਹਾਲਾਤ ਵਿੱਚ ਕੈਨੇਡਾ ਲਈ ਆਪਣੇ ਨਿਰਯਾਤ ਬਾਜ਼ਾਰਾਂ ਵਿੱਚ ਵਿਭਿੰਨਤਾ ਲਿਆਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਾਪਾਨ ਕੈਨੇਡਾ ਦਾ ਇੰਡੋ-ਪੈਸੀਫਿਕ ਖੇਤਰ ਵਿੱਚ ਸਭ ਤੋਂ ਭਰੋਸੇਯੋਗ ਅਤੇ ਰਣ ਨੀਤਕ ਭਾਈ ਵਾਲਾਂ ਵਿੱਚੋਂ ਇੱਕ ਹੈ ਅਤੇ ਦੋਵੇਂ ਦੇਸ਼ ਨਵੀਨਤਾ, ਸਾਫ਼ ਊਰਜਾ, ਉੱਚ ਤਕਨਾਲੋਜੀ ਅਤੇ ਟਿਕਾਊ ਵਿਕਾਸ ਦੇ ਖੇਤਰਾਂ ਵਿੱਚ ਮਿਲ ਕੇ ਕੰਮ ਕਰ ਸਕਦੇ ਹਨ।

# ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਨੇ ਟਰੰਪ ਦੀ ਵਿਦੇਸ਼ ਨੀਤੀ 'ਤੇ ਚੁੱਕੇ ਸਵਾਲ, ਟਰੰਪ 'ਤੇ ਵੀ ਦਿੱਤੀ ਤਿੱਖੀ ਟਿੱਪਣੀ

ਵਾਸ਼ਿੰਗਟਨ: ਭਾਰਤੀ ਮੂਲ ਦੇ ਡੈਮੋਕ੍ਰੇਟ ਸੰਸਦ ਮੈਂਬਰ ਰੋ ਖੰਨਾ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਵਿਦੇਸ਼ ਨੀਤੀ ਦੀ ਖੁੱਲ੍ਹ ਕੇ ਆਲੋਚਨਾ ਕੀਤੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਭਾਰਤ ਅਤੇ ਅਮਰੀਕਾ ਦੇ ਸਬੰਧ ਪਿਛਲੇ ਤਿੰਨ ਦਹਾਕਿਆਂ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਏ ਹਨ। ਉਨ੍ਹਾਂ ਇਹ ਗੱਲ ਵਾਸ਼ਿੰਗਟਨ ਵਿੱਚ ਹੋਈ ਯੂਐਸ-ਇੰਡੀਆ ਸਟ੍ਰੈਟੇਜਿਕ ਪਾਰਟਨਰਸ਼ਿਪ ਫੋਰਮ ਦੀ ਮੀਟਿੰਗ ਦੌਰਾਨ ਕਹੀ। ਇਸ ਦੌਰਾਨ ਉਨ੍ਹਾਂ ਨੇ ਈਰਾਨ ਨਾਲ ਜੁੜੀਆਂ ਨੀਤੀਆਂ ਨੂੰ ਲੈ ਕੇ ਵੀ ਟਰੰਪ ਪ੍ਰਸ਼ਾਸਨ ਨੂੰ ਨਿਸ਼ਾਨੇ 'ਤੇ ਲਿਆ।

### 'ਈਰਾਨ ਨੀਤੀ ਨਾਲ ਭਰੋਸੇਯੋਗਤਾ ਨੂੰ ਨੁਕਸਾਨ ਹੋਇਆ'

ਰੋ ਖੰਨਾ ਨੇ ਕਿਹਾ ਕਿ ਈਰਾਨ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਦੀ ਨੀਤੀ ਨੁਕਸਾਨਦਾਇਕ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਆਪਣੇ ਸਾਥੀ ਦੇਸ਼ਾਂ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾਂ ਇਕਤਰਫ਼ਾ ਕਦਮ ਚੁੱਕੇ, ਜਿਸ ਨਾਲ ਵਿਸ਼ਵ ਪੱਧਰ 'ਤੇ ਅਸਥਿਰਤਾ ਵਧੀ ਅਤੇ ਅਮਰੀਕਾ ਦੀ ਭਰੋਸੇਯੋਗਤਾ ਪ੍ਰਭਾਵਿਤ ਹੋਈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਦਾ ਅਸਰ ਭਾਰਤ ਵਿੱਚ ਈਂਧਨ ਦੀਆਂ ਕੀਮਤਾਂ 'ਤੇ ਵੀ ਪਿਆ ਹੈ।

### 'ਅਗਲੀ ਪੀੜ੍ਹੀ ਨੂੰ ਸੰਭਾਲਣਾ ਪਵੇਗਾ ਵੱਡਾ ਬੋਝ'

ਡੈਮੋਕ੍ਰੇਟ ਸੰਸਦ ਮੈਂਬਰ ਨੇ ਕਿਹਾ ਕਿ ਜੇ ਗਲਤ ਫ਼ੈਸਲਿਆਂ 'ਤੇ ਖੁੱਲ੍ਹ ਕੇ ਗੱਲ ਨਾ ਕੀਤੀ ਗਈ ਤਾਂ ਇਹ ਹਕੀਕਤ ਤੋਂ ਮੂੰਹ ਮੋੜਨ ਦੇ ਬਰਾਬਰ ਹੋਵੇਗਾ। ਉਨ੍ਹਾਂ ਦਾ ਦਾਅਵਾ ਸੀ ਕਿ ਅਗਲੀ ਪੀੜ੍ਹੀ ਨੂੰ ਅਮਰੀਕਾ ਨੂੰ ਮੁੜ ਮਜ਼ਬੂਤ ਬਣਾਉਣ ਦੇ ਨਾਲ ਦੁਨੀਆ ਭਰ ਵਿੱਚ ਖਰਾਬ ਹੋਏ ਰਿਸ਼ਤਿਆਂ ਨੂੰ ਵੀ ਦੁਬਾਰਾ ਮਜ਼ਬੂਤ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਸਾਹਮਣੇ ਦੇਸ਼ ਦੀ ਮਜ਼ਬੂਤੀ ਅਤੇ ਅੰਤਰਰਾਸ਼ਟਰੀ ਰਿਸ਼ਤਿਆਂ ਨੂੰ ਮੁੜ ਸਥਾਪਿਤ ਕਰਨ ਦੀ ਦੋਹਰੀ ਜ਼ਿੰਮੇਵਾਰੀ ਹੋਵੇਗੀ।

### ਟਰੰਪ ਨੂੰ ਲੈ ਕੇ ਵੀ ਦਿੱਤੀ ਤਿੱਖੀ ਟਿੱਪਣੀ

ਰੋ ਖੰਨਾ ਨੇ ਆਪਣੇ ਬਿਆਨ ਦੌਰਾਨ ਡੋਨਾਲਡ ਟਰੰਪ ਨੂੰ ਸਭ ਤੋਂ ਖਰਾਬ ਰਾਸ਼ਟਰਪਤੀ ਵੀ ਦੱਸਿਆ।

### USISF ਸਮਿੱਟ ਦੌਰਾਨ ਸਾਹਮਣੇ ਆਈ ਵੱਖਰੀ ਰਾਏ

ਰੋ ਖੰਨਾ ਦਾ ਇਹ ਬਿਆਨ ਉਸ ਵੇਲੇ ਸਾਹਮਣੇ ਆਇਆ ਜਦੋਂ ਯੂ.ਐਸ.ਆਈ.ਐਸ.ਪੀ.ਐਫ ਦੇ ਮਾਨਦ ਸੀਨੀਅਰ ਸਲਾਹਕਾਰ ਅਲ ਮੇਸਨ ਨੇ ਕਿਹਾ ਕਿ ਭਾਰਤ-ਅਮਰੀਕਾ ਸੰਬੰਧਾਂ ਨੇ ਮੁੜ ਇਤਿਹਾਸਕ ਗਤੀ ਹਾਸਲ ਕੀਤੀ ਹੈ। ਉਨ੍ਹਾਂ ਇਸ ਦਾ ਸਿਹਰਾ ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜਿਓ ਗੋਰ ਨੂੰ ਦਿੱਤਾ ਅਤੇ ਕਿਹਾ ਕਿ ਉਨ੍ਹਾਂ ਨੇ ਡੋਨਾਲਡ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਰਿਸ਼ਤਿਆਂ ਨੂੰ ਮਜ਼ਬੂਤ ਕਰਨ ਵਿੱਚ ਭੂਮਿਕਾ ਨਿਭਾਈ।

# ਟਰੰਪ ਦੀ ਸਿੱਧੀ ਚੇਤਾਵਨੀ!

## ਪੈਟਰੋਲ ਵੇਚਣ ਵਾਲਿਆਂ ਨੂੰ ਘਟਾਉਣੀਆਂ ਚਾਹੀਦੀਆਂ ਨੇ ਕੀਮਤਾਂ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਸਾਂਝੀ ਕੀਤੀ ਇੱਕ ਪੋਸਟ ਵਿੱਚ ਦੇਸ਼ ਦੇ ਪੈਟਰੋਲ ਪ੍ਰਚੂਨ ਵਿਕਰੇਤਾਵਾਂ ਨੂੰ ਤੁਰੰਤ ਕੀਮਤਾਂ ਘਟਾਉਣ ਦੀ ਚੇਤਾਵਨੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਬਾਵਜੂਦ ਜਨਤਾ ਨੂੰ ਇਸਦਾ ਲਾਭ ਨਹੀਂ ਮਿਲ ਰਿਹਾ, ਅਜਿਹੀ ਸਥਿਤੀ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਪਣੀ ਪੋਸਟ ਵਿੱਚ, ਰਾਸ਼ਟਰਪਤੀ ਟਰੰਪ ਨੇ ਲਿਖਿਆ, "ਗੈਸ ਵੇਚਣ ਵਾਲਿਆਂ ਨੂੰ ਆਪਣੀਆਂ ਕੀਮਤਾਂ ਤੁਰੰਤ ਘਟਾਉਣੀਆਂ ਚਾਹੀਦੀਆਂ ਹਨ। ਕੀਮਤਾਂ ਬਹੁਤ ਜ਼ਿਆਦਾ ਹਨ, ਜਦੋਂ ਕਿ ਤੇਲ ਦੀ ਕੀਮਤ ਹੁਣ 68 ਡਾਲਰ ਪ੍ਰਤੀ ਬੈਰਲ ਹੈ ਅਤੇ ਡਿੱਗ ਰਹੀ ਹੈ। ਵੇਚਣ ਵਾਲਿਆਂ ਨੂੰ ਇਸ ਵੱਲ ਤੁਰੰਤ ਧਿਆਨ ਦੇਣ ਅਤੇ ਸਹੀ ਕੰਮ ਕਰਨ ਦੀ ਲੋੜ ਹੈ - ਸਾਡੇ ਮਹਾਨ ਅਮਰੀਕੀ ਲੋਕਾਂ ਲਈ ਕੀਮਤਾਂ ਘੱਟ ਕਰਨ!"

ਟਰੰਪ ਨੇ ਅੱਗੇ ਕਿਹਾ, "ਕੀਮਤਾਂ ਮਨਮਰਜ਼ੀ ਨਾਲ ਨਹੀਂ ਵਧਾਈਆਂ ਜਾ ਸਕਦੀਆਂ; ਇਹ ਪੂਰੀ ਤਰ੍ਹਾਂ ਗੈਰ-ਕਾਨੂੰਨੀ ਹੈ। ਜੇਕਰ ਵੇਚਣ ਵਾਲੇ ਪਾਲਣਾ ਨਹੀਂ ਕਰਦੇ, ਤਾਂ ਉਨ੍ਹਾਂ ਨੂੰ ਗੰਭੀਰ ਮੁਸੀਬਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕੀਮਤ ਨੂੰ ਲਗਭਗ 2.50 ਡਾਲਰ ਪ੍ਰਤੀ ਗੈਲਨ ਤੱਕ ਲਿਆਉਣ ਦੀ ਕੋਸ਼ਿਸ਼ ਕਰੋ, ਅਤੇ ਕੈਲੀਫੋਰਨੀਆ ਨੂੰ ਪੈਟਰੋਲ 'ਤੇ ਇੰਨੇ ਭਾਰੀ ਟੈਕਸ ਨਹੀਂ ਲਗਾਉਣੇ ਚਾਹੀਦੇ।" ਜਲਦੀ ਹੀ, ਟੈਕਸਾਂ ਦੀ ਲਾਗਤ ਪੈਟਰੋਲ ਦੀ ਕੀਮਤ ਤੋਂ ਵੀ ਵੱਧ ਜਾਵੇਗੀ, ਅਤੇ ਅਮਰੀਕਾ ਇਸਨੂੰ ਬਰਦਾਸ਼ਤ ਨਹੀਂ ਕਰੇਗਾ - ਨਾ ਹੀ ਕੈਲੀਫੋਰਨੀਆ ਦੇ ਲੋਕ, ਜੋ ਇਹਨਾਂ ਬੇਤੁਕੇ ਟੈਕਸਾਂ ਅਤੇ ਆਪਣੀ ਸਰਕਾਰ ਕਾਰਨ ਦੁਖੀ ਹਨ। ਇਸ ਦੌਰਾਨ, ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਅਤੇ ਜੈਰੇਡ ਕੁਸ਼ਨਰ ਮੰਗਲਵਾਰ ਨੂੰ ਦੋਹਾ ਵਿੱਚ ਈਰਾਨੀ ਵਾਰਤਾਕਾਰਾਂ ਨਾਲ ਗੱਲਬਾਤ ਕਰਨਗੇ। ਇਹ ਚਰਚਾਵਾਂ ਹਫਤੇ ਦੇ ਅੰਤ ਵਿੱਚ ਦੋਵਾਂ ਧਿਰਾਂ ਵਿਚਕਾਰ ਹੋਈ ਗੋਲੀਬਾਰੀ ਤੋਂ ਬਾਅਦ ਹੋਈਆਂ ਹਨ, ਜਿਸ ਨੇ ਇੱਕ ਵਾਰ ਫਿਰ ਉਨ੍ਹਾਂ ਵਿਚਕਾਰ ਜੰਗਬੰਦੀ ਸਮਝੌਤੇ 'ਤੇ ਸ਼ੱਕ ਪੈਦਾ ਕਰ ਦਿੱਤਾ ਹੈ। ਟਰੰਪ ਨੇ ਸੋਮਵਾਰ ਨੂੰ 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਵਿੱਚ ਕਿਹਾ ਕਿ ਈਰਾਨ ਨੇ ਇੱਕ ਮੀਟਿੰਗ ਦੀ ਬੇਨਤੀ ਕੀਤੀ ਹੈ, ਜੋ ਮੰਗਲਵਾਰ ਨੂੰ ਦੋਹਾ ਵਿੱਚ ਹੋਵੇਗੀ। ਹਾਲਾਂਕਿ, ਉਨ੍ਹਾਂ ਨੇ ਮੀਟਿੰਗ ਦੇ ਏਜੰਡੇ ਬਾਰੇ ਕੋਈ ਵੇਰਵਾ ਨਹੀਂ ਦਿੱਤਾ। ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੀਵਿਟ ਨੇ ਦੱਸਿਆ ਕਿ ਵਿਸ਼ੇਸ਼ ਦੂਤ ਸਟੀਵ ਵਿਟਕੌਫ ਅਤੇ ਟਰੰਪ ਦੇ ਜਵਾਈ ਜੈਰੇਡ ਕੁਸ਼ਨਰ ਇਸ ਹਫ਼ਤੇ ਦੋਹਾ ਦੀ ਯਾਤਰਾ ਕਰਨਗੇ ਤਾਂ ਜੋ ਦੋਵਾਂ ਧਿਰਾਂ ਦੁਆਰਾ ਹਾਲ ਹੀ ਵਿੱਚ ਦਸਤਖਤ ਕੀਤੇ ਗਏ ਸਮਝੌਤਾ ਪੱਤਰ 'ਤੇ ਚਰਚਾ ਕੀਤੀ ਜਾ ਸਕੇ। ਲੀਵਿਟ ਨੇ ਕਿਹਾ, "ਜਿੱਥੋਂ ਤੱਕ ਸਾਡਾ ਸਵਾਲ ਹੈ, ਅਸੀਂ ਜੰਗਬੰਦੀ ਦੀ ਪਾਲਣਾ ਕਰ ਰਹੇ ਹਾਂ। ਹਿੰਸਾ ਦਾ ਜਵਾਬ ਹਿੰਸਾ ਨਾਲ ਦਿੱਤਾ ਜਾਵੇਗਾ।"

# ਪਾਕਿਸਤਾਨ 'ਚ ਢਾਹਿਆ ਗਿਆ 125 ਸਾਲ ਪੁਰਾਣਾ ਇਤਿਹਾਸਕ ਗੁਰਦੁਆਰਾ, ਸਿੱਖ ਭਾਈਚਾਰੇ 'ਚ ਰੋਸ



ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਗੁਰਦੁਆਰਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਇੱਕ ਵਾਰ ਫਿਰ ਚਰਚਾ ਵਿੱਚ ਹਨ। ਬੀਤੇ ਸ਼ੁੱਕਰਵਾਰ (26 ਜੂਨ) ਫਾਰੂਖਾਬਾਦ (ਮੰਡੀ ਚੂੜਕਾਣਾ) ਵਿੱਚ ਭੂ-ਮਾਫੀਆ ਵੱਲੋਂ ਪ੍ਰਸ਼ਾਸਨ ਨਾਲ ਮਿਲੀਭੁਗਤ ਦੇ ਦੋਸ਼ਾਂ ਵਿਚਕਾਰ ਲਗਭਗ 125 ਸਾਲ ਪੁਰਾਣੇ ਇਤਿਹਾਸਕ ਗੁਰਦੁਆਰਾ ਸ੍ਰੀ ਸਿੰਘ ਸਭਾ ਦੇ ਇੱਕ ਹਿੱਸੇ ਨੂੰ ਢਾਹ ਦਿੱਤਾ ਗਿਆ।

### ਵਿਰੋਧ ਤੋਂ ਬਾਅਦ ਭੰਨਤੋੜ ਰੁਕੀ, ਥਾਂ ਕੀਤੀ ਗਈ ਸੀਲ

ਗੁਰਦੁਆਰੇ ਨੂੰ ਨੁਕਸਾਨ ਪਹੁੰਚਾਏ ਜਾਣ ਦੀ ਖ਼ਬਰ ਮਿਲਣ ਤੋਂ ਬਾਅਦ ਸਿੱਖ ਭਾਈਚਾਰੇ ਵਿੱਚ ਰੋਸ ਫੈਲ ਗਿਆ। ਸੰਗਤ ਨੇ ਮੌਕੇ 'ਤੇ ਪਹੁੰਚ ਕੇ ਵਿਰੋਧ ਕੀਤਾ, ਜਿਸ ਤੋਂ ਬਾਅਦ ਭੰਨਤੋੜ ਦਾ ਕੰਮ ਰੋਕ ਦਿੱਤਾ ਗਿਆ। ਫਿਲਹਾਲ ਪ੍ਰਸ਼ਾਸਨ ਨੇ ਇਸ ਥਾਂ ਨੂੰ ਸੀਲ ਕਰ ਦਿੱਤਾ ਹੈ ਅਤੇ ਅਗਲੇ ਕਿਸੇ ਵੀ ਤਰ੍ਹਾਂ ਦੇ ਨਿਰਮਾਣ ਜਾਂ ਭੰਨਤੋੜ 'ਤੇ ਰੋਕ ਲਾ ਦਿੱਤੀ ਹੈ।

### 4 ਸਾਲ ਪਹਿਲਾਂ ਤੱਕ ਸੁਰੱਖਿਅਤ ਸੀ ਇਤਿਹਾਸਕ ਇਮਾਰਤ

ਸਥਾਨਕ ਜਾਣਕਾਰਾਂ ਅਤੇ ਸਿੱਖ ਐਕਟਿਵਿਸਟਾਂ ਦੇ ਮੁਤਾਬਕ ਕੁਝ ਸਾਲ ਪਹਿਲਾਂ ਤੱਕ ਗੁਰਦੁਆਰਾ ਸਾਹਿਬ ਦੀ ਇਤਿਹਾਸਕ ਪਛਾਣ ਅਤੇ ਪੁਰਾਣੀਆਂ ਨਿਸ਼ਾਨੀਆਂ ਸੁਰੱਖਿਅਤ ਸਨ। ਇਸ ਸਬੰਧੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਸੀ। ਬਾਅਦ ਵਿੱਚ ਦਾਅਵਾ ਕੀਤਾ ਗਿਆ ਕਿ ਕੁਝ ਲੋਕਾਂ ਨੇ ਗੁਰਦੁਆਰੇ ਦਾ ਮੁੱਖ ਗੁੰਬਦ ਤੋੜ ਦਿੱਤਾ ਸੀ।

ਸਿੱਖ ਭਾਈਚਾਰੇ ਦਾ ਕਹਿਣਾ ਹੈ ਕਿ ਪਹਿਲਾਂ ਵੀ ਪੁਲਿਸ ਕੋਲ ਸ਼ਿਕਾਇਤ ਅਤੇ ਵਿਰੋਧ ਦਰਜ ਕਰਵਾਇਆ ਗਿਆ ਸੀ। ਇਸ ਦੇ ਬਾਵਜੂਦ ਨਾ ਤਾਂ ਇਵੈਕਿਊਏਸ਼ਨ ਟਰੱਸਟ ਪ੍ਰਾਪਰਟੀ ਬੋਰਡ ਅਤੇ ਨਾ ਹੀ ਪਾਕਿਸਤਾਨ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਇਸ ਇਤਿਹਾਸਕ ਵਿਰਾਸਤ ਨੂੰ ਬਚਾਉਣ ਲਈ ਕੋਈ ਠੋਸ ਕਦਮ ਚੁੱਕੇ ਗਏ।

### ਵੰਡ ਤੋਂ ਬਾਅਦ ਗੁਰਦੁਆਰਾ ਰਿਹਾ ਸੁੰਨਾ

ਫਾਰੂਖਾਬਾਦ (ਮੰਡੀ ਚੂੜਕਾਣਾ) ਸਥਿਤ ਗੁਰਦੁਆਰਾ ਸ੍ਰੀ ਸਿੰਘ ਸਭਾ ਕਰੀਬ 125 ਸਾਲ ਪੁਰਾਣਾ ਦੱਸਿਆ ਜਾਂਦਾ ਹੈ। ਗੁਰਦੁਆਰੇ ਦੇ ਦਰਵਾਜ਼ੇ 'ਤੇ ਇਸ ਦੀ ਉਸਾਰੀ ਦੇ ਸਮੇਂ ਦਾ ਜ਼ਿਕਰ ਮੌਜੂਦ ਹੈ। ਇਸ ਨੂੰ ਪਾਕਿਸਤਾਨ ਦੀ ਇਤਿਹਾਸਕ ਧਰੋਹਰਾਂ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ ਅਤੇ ਇਸ ਨੂੰ ਢਾਹੁਣ 'ਤੇ ਰੋਕ ਲੱਗੀ ਹੋਈ ਸੀ। ਵੰਡ ਤੋਂ ਬਾਅਦ ਇਹ ਥਾਂ ਸੁੰਨੀ ਰਹੀ ਅਤੇ ਬਾਅਦ ਵਿੱਚ ਇਸ 'ਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਦੇ ਦੋਸ਼ ਸਾਹਮਣੇ ਆਏ। ਇਹ ਇਮਾਰਤ ਗੁਰਦੁਆਰਾ ਸ੍ਰੀ ਸੱਚਾ ਸੌਦਾ ਸਾਹਿਬ ਦੇ ਨੇੜੇ ਸਥਿਤ ਹੈ। 1947 ਦੀ ਵੰਡ ਤੋਂ ਬਾਅਦ ਸਾਲ 1960 ਵਿੱਚ ਪਾਕਿਸਤਾਨ ਸਰਕਾਰ ਵੱਲੋਂ ਇਸ ਖਾਲੀ ਪਈ ਸੰਪਤੀ ਨੂੰ ਭਾਰਤ ਤੋਂ ਆਏ ਸ਼ਰਨਾਰਥੀਆਂ ਨੂੰ ਰਹਿਣ ਲਈ ਅਲਾਟ ਕੀਤਾ ਗਿਆ ਸੀ। ਨਿਯਮਾਂ ਮੁਤਾਬਕ ਇਤਿਹਾਸਕ ਢਾਂਚੇ ਵਿੱਚ ਕੋਈ ਤਬਦੀਲੀ ਜਾਂ ਭੰਨਤੋੜ ਦੀ ਮਨਾਹੀ ਸੀ, ਪਰ ਦੋਸ਼ ਹਨ ਕਿ ਨਿਯਮਾਂ ਦੀ ਉਲੰਘਣਾ ਕਰਕੇ ਇਮਾਰਤ ਨੂੰ ਨੁਕਸਾਨ ਪਹੁੰਚਾਇਆ ਗਿਆ।

### ਵਿਰੋਧ ਮਗਰੋਂ ਕਾਨੂੰਨੀ ਕਾਰਵਾਈ ਦੀ ਤਿਆਰੀ

ਘਟਨਾ ਤੋਂ ਬਾਅਦ ਸਿੱਖ ਸੰਗਤ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ, ਜਿਸ ਤੋਂ ਬਾਅਦ ਪ੍ਰਸ਼ਾਸਨ ਨੇ ਥਾਂ ਨੂੰ ਸੀਲ ਕਰ ਦਿੱਤਾ। ਅੱਗੇ ਕਿਸੇ ਵੀ ਤਰ੍ਹਾਂ ਦਾ ਕੰਮ ਰੋਕ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਵਕਫ਼ ਬੋਰਡ ਹੁਣ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਦੀ ਤਿਆਰੀ ਕਰ ਰਿਹਾ ਹੈ।

### ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ

ਦੁਨੀਆ ਭਰ ਦੀਆਂ ਸਿੱਖ ਜਥੇਬੰਦੀਆਂ ਨੇ ਇਸ ਮਾਮਲੇ ਵਿੱਚ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਸੋਸ਼ਲ ਮੀਡੀਆ 'ਤੇ ਵੀ ਇਸ ਕਾਰਵਾਈ ਦਾ ਵਿਰੋਧ ਕੀਤਾ ਜਾ ਰਿਹਾ ਹੈ। ਕਈ ਲੋਕਾਂ ਨੇ ਕਿਹਾ ਕਿ ਗੁਰਦੁਆਰੇ ਕਿਸੇ ਇੱਕ ਧਰਮ ਜਾਂ ਦੇਸ਼ ਦੀ ਨਹੀਂ, ਸਗੋਂ ਸਾਂਝੀ ਮਨੁੱਖੀ ਵਿਰਾਸਤ ਹਨ।

### ਗੁਰਦੁਆਰਾ ਸਿੰਘ ਸਭਾ ਦਾ ਇਤਿਹਾਸ

ਜਥੇਦਾਰ ਕਰਤਾਰ ਸਿੰਘ ਝੱਬਰ ਨੇ ਸਾਲ 1912 ਵਿੱਚ ਚੂਹੜਕਾਣਾ ਵਿੱਚ ਖਾਲਸਾ ਦੀਵਾਨ ਖਰਾ ਸੌਦਾ ਬਾਰ ਦਾ ਗਠਨ ਕੀਤਾ ਸੀ, ਜਿਸ ਵਿੱਚ ਸਥਾਨਕ ਵਿਰਕ ਪਰਿਵਾਰਾਂ ਨੂੰ ਵੀ ਜੋੜਿਆ ਗਿਆ। ਸਾਲ 1918 ਵਿੱਚ ਗੁਰਦੁਆਰਾ ਸੱਚਾ ਸੌਦਾ ਦੇ ਨੇੜੇ ਭਾਈ ਮੂਲ ਸਿੰਘ ਗੁਰਮੁਲਾ ਵੱਲੋਂ ਖਰੀਦੀ 13 ਕਨਾਲ ਜ਼ਮੀਨ 'ਤੇ ਇਸ ਸੰਸਥਾ ਅਧੀਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਮਿਡਲ ਸਕੂਲ ਸ਼ੁਰੂ ਕੀਤਾ ਗਿਆ। ਸਕੂਲ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਖਾਲਸਾ ਦੀਵਾਨ ਖਰਾ ਸੌਦਾ ਬਾਰ ਅਤੇ ਮੰਡੀ ਚੂੜਕਾਣਾ ਕਮੇਟੀ ਸੰਭਾਲਦੀ ਰਹੀ। ਮੌਜੂਦਾ ਸਮੇਂ ਵੀ ਗੁਰਦੁਆਰਾ ਸਾਹਿਬ ਦੇ ਮੁੱਖ ਹਿੱਸੇ 'ਤੇ ਗੁਰਮੁਖੀ ਵਿੱਚ ਉਕਰੇ ਇਤਿਹਾਸਕ ਸ਼ਬਦ ਨਜ਼ਰ ਆਉਂਦੇ ਹਨ।

# ਪਾਕਿਸਤਾਨ ਦੇ ਫਰੂਕਾਬਾਦ 'ਚ ਗੁਰਦੁਆਰਾ ਸਾਹਿਬ ਦੀ ਇਮਾਰਤ ਢਾਹੇ ਜਾਣ ਦਾ ਐਡਵੋਕੇਟ ਧਾਮੀ ਨੇ ਲਿਆ ਸਖ਼ਤ ਨੋਟਿਸ



ਅੰਮ੍ਰਿਤਸਰ: ਪਾਕਿਸਤਾਨ ਅੰਦਰ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਫਰੂਕਾਬਾਦ 'ਚ ਸਥਿਤ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਇੱਕ ਹਿੱਸੇ ਨੂੰ ਕੁਝ ਲੋਕਾਂ ਵੱਲੋਂ ਢਾਹ ਕੇ ਜਾਇਦਾਦ ਹਥਿਆਉਣ ਦੀ ਘਟਨਾ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਪਾਕਿਸਤਾਨ ਸਰਕਾਰ ਨੂੰ ਸਿੱਖ ਵਿਰਾਸਤਾਂ ਦੀ ਸੰਭਾਲ ਯਕੀਨੀ ਬਣਾਉਣ ਲਈ ਆਖਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪਾਕਿਸਤਾਨ ਅੰਦਰ ਸਿੱਖ ਇਤਿਹਾਸ ਨਾਲ ਸਬੰਧਤ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਅਤੇ ਵਿਰਾਸਤਾਂ ਮੌਜੂਦ ਹਨ, ਜਿਨ੍ਹਾਂ ਦੀ ਸੰਭਾਲ ਦੀ ਜ਼ਿੰਮੇਵਾਰੀ ਉਥੋਂ ਦੀ ਸਰਕਾਰ ਦੀ ਹੈ। ਉਨ੍ਹਾਂ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਫਰੂਖਾਬਾਦ ਦੀ ਮੰਡੀ ਸਕਰਾਨਾ ਵਿਚ ਕੁਝ ਲੋਕਾਂ ਨੇ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਹਥਿਆਉਣ ਲਈ ਅਜਿਹੀ ਘਿਨਾਉਣੀ ਹਰਕਤ ਕੀਤੀ ਹੈ। ਇਹ ਗੁਰਦੁਆਰਾ ਸਾਹਿਬ ਸਿੰਘ ਸਭਾ ਲਹਿਰ ਦੇ ਸਮੇਂ ਦਾ ਇਤਿਹਾਸਕ ਅਸਥਾਨ ਹੈ, ਜਿਸ ਨਾਲ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਯਾਦਾਂ ਜੁੜੀਆਂ ਹੋਈਆਂ ਹਨ। ਅਜਿਹੇ ਅਸਥਾਨਾਂ ਦੀ ਸੰਭਾਲ ਅਤੇ ਸੁਰੱਖਿਆ ਕਰਨਾ ਸਥਾਨਕ ਪ੍ਰਸ਼ਾਸਨ ਤੇ ਸਰਕਾਰ ਦੀ ਜ਼ਿੰਮੇਵਾਰੀ ਹੈ, ਨਾ ਕਿ ਉਨ੍ਹਾਂ ਨੂੰ ਢਾਹ ਕੇ ਇਤਿਹਾਸਕ ਵਿਰਾਸਤ ਨੂੰ ਮਿਟਾਇਆ ਜਾਵੇ। ਐਡਵੋਕੇਟ ਧਾਮੀ ਨੇ ਪਾਕਿਸਤਾਨ ਸਰਕਾਰ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਤੁਰੰਤ ਅਤੇ ਨਿਰਪੱਖ ਜਾਂਚ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਗੁਰਦੁਆਰਾ ਸਾਹਿਬ ਦੀ ਇਤਿਹਾਸਕ ਪਹਿਚਾਣ ਨੂੰ ਬਰਕਰਾਰ ਰੱਖਦਿਆਂ ਇਸ ਦੀ ਮੁੜ ਉਸਾਰੀ ਅਤੇ ਸੰਭਾਲ ਲਈ ਢੁੱਕਵੇਂ ਕਦਮ ਚੁੱਕੇ ਜਾਣ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਸਥਿਤ ਗੁਰੂ ਸਾਹਿਬਾਨ ਨਾਲ ਸਬੰਧਤ ਗੁਰਦੁਆਰੇ ਅਤੇ ਹੋਰ ਸਿੱਖ ਵਿਰਾਸਤੀ ਅਸਥਾਨ ਵਿਸ਼ਵ ਭਰ ਦੀ ਸੰਗਤ ਦੀ ਆਸਥਾ ਦਾ ਕੇਂਦਰ ਹਨ। ਇਨ੍ਹਾਂ ਦੀ ਸੁਰੱਖਿਆ ਲਈ ਠੋਸ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਭਵਿੱਖ ਵਿੱਚ ਇਸ ਤਰ੍ਹਾਂ ਦੀ ਕੋਈ ਵੀ ਘਟਨਾ ਦੁਬਾਰਾ ਨਾ ਵਾਪਰੇ।












# CM ਭਗਵੰਤ ਮਾਨ ਵਲੋਂ 'ਮਾਵਾਂ ਧੀਆਂ ਸਤਿਕਾਰ ਯੋਜਨਾ' ਦੀ ਸ਼ੁਰੂਆਤ

## ਮਹਿਲਾਵਾਂ ਦੇ ਖਾਤਿਆਂ 'ਚ ਪੈਸੇ ਆਉਣੇ ਸ਼ੁਰੂ

ਚੰਡੀਗੜ੍ਹ: ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਲਈ ਸ਼ੁਰੂ ਕੀਤੀ ਗਈ 'ਮਾਵਾਂ ਧੀਆਂ ਸਤਿਕਾਰ ਯੋਜਨਾ' ਨੂੰ ਅਧਿਕਾਰਕ ਤੌਰ 'ਤੇ ਲਾਗੂ ਕਰ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਬਟਨ ਦਬਾ ਕੇ ਇਸ ਯੋਜਨਾ ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਹੁਣ ਤੋਂ ਮਹਿਲਾਵਾਂ ਦੇ ਖਾਤਿਆਂ ਵਿੱਚ ਰਕਮ ਆਉਣੀ ਸ਼ੁਰੂ ਹੋ ਜਾਵੇਗੀ।



ਉਨ੍ਹਾਂ ਦੱਸਿਆ ਕਿ 30 ਜੂਨ ਤੱਕ ਇਸ ਯੋਜਨਾ ਲਈ 40 ਲੱਖ ਤੋਂ ਵੱਧ ਮਹਿਲਾਵਾਂ ਰਜਿਸਟ੍ਰੇਸ਼ਨ ਕਰਵਾ ਚੁੱਕੀਆਂ ਹਨ। ਨਾਲ ਹੀ ਉਨ੍ਹਾਂ ਨੇ ਭਰੋਸਾ ਦਿੱਤਾ ਕਿ ਇਹ ਸਕੀਮ ਅੱਗੇ ਵੀ ਜਾਰੀ ਰਹੇਗੀ ਅਤੇ ਇਸ ਨੂੰ ਉਸ ਸਮੇਂ ਹੀ ਸ਼ੁਰੂ ਕੀਤਾ ਗਿਆ ਜਦੋਂ ਸਰਕਾਰ ਨੂੰ ਇਸ ਦੇ ਲਗਾਤਾਰ ਚੱਲਣ ਬਾਰੇ ਪੂਰਾ ਯਕੀਨ ਹੋ ਗਿਆ।

**ਮਹਿਲਾਵਾਂ ਨੂੰ ਮਿਲੇਗੀ ਮਹੀਨਾਵਾਰ ਆਰਥਿਕ ਸਹਾਇਤਾ**

ਇਸ ਯੋਜਨਾ ਤਹਿਤ ਮਹਿਲਾਵਾਂ ਨੂੰ ਹਰ ਮਹੀਨੇ ਆਰਥਿਕ ਸਹਾਇਤਾ ਦੇਣ ਦੀ ਵਿਵਸਥਾ ਕੀਤੀ ਗਈ ਹੈ। ਸਰਕਾਰ ਦੇ ਮੁਤਾਬਕ ਜਨਰਲ ਵਰਗ ਦੀਆਂ ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਦਿੱਤੇ ਜਾਣਗੇ। ਇਸ ਦੇ ਨਾਲ ਅਨੁਸੂਚਿਤ ਜਾਤੀ (SC) ਵਰਗ ਦੀਆਂ ਮਹਿਲਾਵਾਂ ਲਈ 1500 ਰੁਪਏ ਪ੍ਰਤੀ ਮਹੀਨਾ ਦੇਣ ਦੀ ਵਿਵਸਥਾ ਰੱਖੀ ਗਈ ਹੈ। ਇਸ ਯੋਜਨਾ ਦਾ ਮਕਸਦ ਮਹਿਲਾਵਾਂ ਨੂੰ ਆਰਥਿਕ ਤੌਰ 'ਤੇ ਸਹਾਇਤਾ ਪ੍ਰਦਾਨ ਕਰਨਾ ਦੱਸਿਆ ਗਿਆ ਹੈ।

**ਪਹਿਲੀ ਕਿਸ਼ਤ ਵਿੱਚ ਤਿੰਨ ਮਹੀਨਿਆਂ ਦੀ ਰਕਮ ਇਕੱਠੀ**

ਸਰਕਾਰ ਨੇ ਕਿਹਾ ਹੈ ਕਿ ਪਹਿਲੀ ਵਾਰ ਲਾਭਪਾਤਰੀਆਂ ਨੂੰ ਤਿੰਨ ਮਹੀਨਿਆਂ ਦੀ ਰਕਮ ਇਕੱਠੀ ਜਾਰੀ ਕੀਤੀ ਜਾਵੇਗੀ। ਇਸ ਮੁਤਾਬਕ ਜਨਰਲ ਵਰਗ ਦੀਆਂ ਮਹਿਲਾਵਾਂ ਦੇ ਖਾਤਿਆਂ ਵਿੱਚ 3000 ਰੁਪਏ ਭੇਜੇ ਜਾਣਗੇ, ਜਦਕਿ SC ਵਰਗ ਦੀਆਂ ਮਹਿਲਾਵਾਂ ਨੂੰ 4500 ਰੁਪਏ ਦਿੱਤੇ ਜਾਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਰਜਿਸਟ੍ਰੇਸ਼ਨ ਕਰਵਾ ਚੁੱਕੀਆਂ ਮਹਿਲਾਵਾਂ ਦੇ ਖਾਤਿਆਂ ਵਿੱਚ ਰਕਮ ਜਲਦ ਭੇਜੀ ਜਾਵੇਗੀ। ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ 'ਤੇ 18 ਸਾਲ ਤੋਂ ਵੱਧ ਉਮਰ ਦੀਆਂ ਮਹਿਲਾਵਾਂ ਨੂੰ ਮਹੀਨਾਵਾਰ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਹੁਣ ਸਰਕਾਰ ਨੇ ਇਸ ਯੋਜਨਾ ਨੂੰ ਲਾਗੂ ਕਰਦੇ ਹੋਏ ਕਿਹਾ ਹੈ ਕਿ ਉਹ ਆਪਣਾ ਚੋਣੀ ਵਾਅਦਾ ਪੂਰਾ ਕਰ ਰਹੀ ਹੈ। ਇਸ ਲਈ ਇਸ ਸਾਲ ਦੇ ਬਜਟ ਵਿੱਚ 9300 ਕਰੋੜ ਰੁਪਏ ਰੱਖੇ ਗਏ ਸਨ।

**ਵਿਰੋਧੀ ਧਿਰ ਨੇ ਚੁੱਕੇ ਸਵਾਲ**

ਇਸ ਯੋਜਨਾ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਵੀ ਸਵਾਲ ਉਠਾਏ ਗਏ ਹਨ। ਵਿਰੋਧੀ ਪੱਖ ਦਾ ਕਹਿਣਾ ਹੈ ਕਿ ਇਹ ਯੋਜਨਾ ਚੋਣਾਂ ਨੂੰ ਧਿਆਨ ਵਿੱਚ ਰੱਖ ਕੇ ਲਿਆਂਦੀ ਗਈ ਹੈ ਅਤੇ ਪਹਿਲਾਂ ਦੇ ਸਮੇਂ ਦੀ ਬਕਾਇਆ ਰਕਮ ਵੀ ਦਿੱਤੀ ਜਾਣੀ ਚਾਹੀਦੀ ਹੈ। ਇਸ 'ਤੇ ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਲੋਕਾਂ ਨੇ ਉਨ੍ਹਾਂ ਨੂੰ ਪੰਜ ਸਾਲ ਲਈ ਚੁਣਿਆ ਸੀ ਅਤੇ ਉਹ ਆਪਣੇ ਕਾਰਜਕਾਲ ਦੌਰਾਨ ਕੀਤਾ ਗਿਆ ਵਾਅਦਾ ਪੂਰਾ ਕਰ ਰਹੇ ਹਨ।

# ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਅਰਜ਼ੀ ਤੇ ਅਦਾਲਤ ਨੇ ਸੀਬੀਆਈ ਨੂੰ ਨੋਟਿਸ ਕੀਤਾ ਜਾਰੀ

ਚੰਡੀਗੜ੍ਹ: ਪੰਜਾਬ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਨੇ ਅੱਜ ਪਿਛਲੇ ਸਾਲ ਦਰਜ ਕੀਤੇ ਗਏ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਡਿਸਚਾਰਜ (ਬਰੀ ਕਰਨ) ਲਈ ਵਿਸ਼ੇਸ਼ ਸੀਬੀਆਈ ਜੱਜ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਹੈ। ਸੀਬੀਆਈ ਅਦਾਲਤ ਨੇ ਮੁਲਜ਼ਮ ਦੀ ਅਰਜ਼ੀ 'ਤੇ ਜਵਾਬ ਦਾਇਰ ਕਰਨ ਲਈ ਸੀਬੀਆਈ ਨੂੰ ਨੋਟਿਸ ਜਾਰੀ ਕੀਤਾ ਹੈ।



ਵਕੀਲ ਐਚ.ਐਸ. ਧਨੋਆ ਅਤੇ ਐਸ.ਪੀ.ਐਸ. ਭੁੱਲਰ ਰਾਹੀਂ ਦਾਇਰ ਕੀਤੀ ਗਈ ਅਰਜ਼ੀ ਵਿੱਚ ਮੁਲਜ਼ਮ ਨੇ ਅਦਾਲਤ ਅੱਗੇ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਇਸ ਕੇਸ ਵਿੱਚੋਂ ਡਿਸਚਾਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਾਨੂੰਨ ਤਹਿਤ ਸੀਬੀਆਈ ਕੋਲ ਉਨ੍ਹਾਂ ਵਿਰੁੱਧ ਕੇਸ ਦਰਜ ਕਰਨ ਦਾ ਕੋਈ ਅਧਿਕਾਰ ਖੇਤਰ (ਜੁਰਿਸਡਿਕਸ਼ਨ) ਨਹੀਂ ਹੈ।

ਸੀਬੀਆਈ ਵੱਲੋਂ ਲਗਾਏ ਗਏ ਦੋਸ਼ਾਂ ਅਨੁਸਾਰ ਰਿਸ਼ਵਤ ਮੰਗਣ ਜਾਂ ਸਵੀਕਾਰ ਕਰਨ ਦਾ ਕੋਈ ਸਬੂਤ ਨਹੀਂ ਹੈ। ਇੱਥੋਂ ਤੱਕ ਕਿ ਸੀਐੱਫਐੱਸਐੱਲ (ਛਢਸ਼.ਲ) ਦੀ ਰਿਪੋਰਟ ਨੇ ਵੀ ਨਿਰਣਾਇਕ ਤੌਰ 'ਤੇ ਇਹ ਸਾਬਤ ਨਹੀਂ ਕੀਤਾ ਹੈ ਕਿ ਆਵਾਜ਼ ਦੀ ਰਿਕਾਰਡਿੰਗ ਮੁਲਜ਼ਮ ਦੀ ਹੈ।

ਇਸ ਕੇਸ ਵਿੱਚ ਐੱਫਆਈਆਰ ਆਕਾਸ਼ ਬੱਤਾ ਨਾਮਕ ਵਿਅਕਤੀ ਦੀ ਸ਼ਿਕਾਇਤ 'ਤੇ ਦਰਜ ਕੀਤੀ ਗਈ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਭੁੱਲਰ, ਜੋ ਉਸ ਸਮੇਂ ਡੀਆਈਜੀ, ਰੋਪੜ ਰੇਂਜ, ਪੰਜਾਬ ਪੁਲੀਸ ਵਜੋਂ ਤਾਇਨਾਤ ਸਨ, ਨੇ ਥਾਣਾ ਸਰਹਿੰਦ ਵਿਖੇ ਦਰਜ ਐਫਆਈਆਰ ਵਿੱਚ ਅਨੁਕੂਲ ਕਾਰਵਾਈ ਕਰਵਾਉਣ ਅਤੇ ਸ਼ਿਕਾਇਤਕਰਤਾ ਦੇ ਕਾਰੋਬਾਰ ਵਿਰੁੱਧ ਕੋਈ ਸਖ਼ਤ ਕਦਮ ਨਾ ਚੁੱਕੇ ਜਾਣ ਨੂੰ ਯਕੀਨੀ ਬਣਾਉਣ ਲਈ ਇੱਕ ਨਿੱਜੀ ਵਿਚੋਲੇ ਕ੍ਰਿਸ਼ਾਨੂ ਸ਼ਾਰਦਾ ਰਾਹੀਂ ਨਾਜਾਇਜ਼ ਰਿਸ਼ਵਤ ਦੀ ਮੰਗ ਕੀਤੀ ਸੀ।

ਸ਼ਿਕਾਇਤ ਮਿਲਣ ਤੋਂ ਬਾਅਦ ਜਾਲ ਵਿਛਾਇਆ ਗਿਆ ਅਤੇ 16 ਅਕਤੂਬਰ, 2025 ਨੂੰ ਭੁੱਲਰ ਦੇ ਕਥਿਤ ਸਹਿਯੋਗੀ ਕ੍ਰਿਸ਼ਾਨੂੰ ਸ਼ਾਰਦਾ ਨੂੰ ਸ਼ਿਕਾਇਤਕਰਤਾ ਤੋਂ ਮੰਗੀ ਗਈ ਰਿਸ਼ਵਤ ਦੇ ਹਿੱਸੇ ਵਜੋਂ 5,00,000 ਰੁਪਏ ਲੈਂਦਿਆਂ ਕਥਿਤ ਤੌਰ 'ਤੇ ਕਾਬੂ ਕੀਤਾ ਗਿਆ ਸੀ।

ਭੁੱਲਰ ਨੂੰ ਉਸੇ ਦਿਨ ਗ੍ਰਿਫਤਾਰ ਕੀਤਾ ਗਿਆ ਸੀ ਅਤੇ 3 ਦਸੰਬਰ, 2025 ਨੂੰ ਬੀਐਨਐਸਐਸ (ਭੰਸ਼ਸ਼) ਦੀ ਧਾਰਾ 193 ਤਹਿਤ ਚਾਰਜਸ਼ੀਟ ਦਾਇਰ ਕੀਤੀ ਗਈ ਸੀ।

6 ਜੂਨ ਨੂੰ ਪਿਛਲੀ ਸੁਣਵਾਈ ਦੌਰਾਨ ਚੰਡੀਗੜ੍ਹ ਦੀ ਵਿਸ਼ੇਸ਼ ਸੀਬੀਆਈ ਅਦਾਲਤ ਨੇ ਗ੍ਰਹਿ ਮੰਤਰਾਲੇ ਦੁਆਰਾ ਉਨ੍ਹਾਂ ਵਿਰੁੱਧ ਦਿੱਤੀ ਗਈ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਨੂੰ ਅਵੈਧ ਘੋਸ਼ਿਤ ਕਰਨ ਲਈ ਭੁੱਲਰ ਦੀ ਇੱਕ ਅਰਜ਼ੀ ਨੂੰ ਖਾਰਜ ਕਰਦੇ ਹੋਏ, ਦੋਸ਼ਾਂ 'ਤੇ ਬਹਿਸ ਲਈ ਸੁਣਵਾਈ 2 ਜੁਲਾਈ, 2026 ਤੱਕ ਮੁਲਤਵੀ ਕਰ ਦਿੱਤੀ ਸੀ। ਭੁੱਲਰ ਦੀ ਇੱਕ ਅਰਜ਼ੀ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਨਿਯਮਤ ਜ਼ਮਾਨਤ ਲੈਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲੰਬਿਤ ਹੈ।

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter
THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa
Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
Jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਚੰਡੀਗੜ੍ਹ ਦੇ ਸਕੂਲਾਂ ਅਤੇ ਹਰਿਆਣਾ CM ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ



ਚੰਡੀਗੜ੍ਹ: ਚੰਡੀਗੜ੍ਹ ਦੇ ਕਈ ਸਕੂਲਾਂ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਦੇ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਅਲਰਟ ਹੋ ਗਈਆਂ ਹਨ। ਇਹ ਧਮਕੀ ਈ-ਮੇਲ ਰਾਹੀਂ ਭੇਜੀ ਗਈ ਦੱਸੀ ਜਾ ਰਹੀ ਹੈ। ਖ਼ਾਸ ਗੱਲ ਇਹ ਰਹੀ ਕਿ ਚੰਡੀਗੜ੍ਹ ਦੇ ਸਕੂਲ ਅੱਜ ਹੀ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਮੁੜ ਖੁੱਲ੍ਹੇ ਸਨ ਅਤੇ ਇਸੇ ਦੌਰਾਨ ਇਹ ਮੇਲ ਸਾਹਮਣੇ ਆਈ।

**ਕਈ ਸਕੂਲਾਂ ਨੂੰ ਮਿਲੀ ਧਮਕੀ ਭਰੀ ਮੇਲ**

ਸਭ ਤੋਂ ਪਹਿਲਾਂ ਚੰਡੀਗੜ੍ਹ ਦੇ ਸੈਕਟਰ-31 ਸਥਿਤ ਏਅਰ ਫੋਰਸ ਸਕੂਲ ਨੂੰ ਧਮਕੀ ਭਰੀ ਈ-ਮੇਲ ਮਿਲਣ ਦੀ ਜਾਣਕਾਰੀ ਸਾਹਮਣੇ ਆਈ।

ਇਸ ਤੋਂ ਬਾਅਦ ਸੈਕਟਰ-37B ਅਤੇ 37D ਦੇ ਗਵਰਨਮੈਂਟ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-38 ਦੇ ਵਿਵੇਕ ਹਾਈ ਸਕੂਲ, ਸੈਕਟਰ-26 ਦੇ ਸੈਕਰਡ ਹਾਰਟ ਸਕੂਲ ਅਤੇ ਸਟ੍ਰਾਬੇਰੀ ਫੀਲਡਜ਼ ਹਾਈ ਸਕੂਲ, ਸੈਕਟਰ-40 ਦੇ DPS ਅਤੇ ਸੈਕਟਰ-9 ਦੇ ਕਾਰਮਲ ਕਾਨਵੈਂਟ ਸਕੂਲ ਨੂੰ ਵੀ ਇਸ ਤਰ੍ਹਾਂ ਦੀਆਂ ਧਮਕੀ ਭਰੀਆਂ ਈ-ਮੇਲਾਂ ਮਿਲਣ ਦੀ ਸੂਚਨਾ ਮਿਲੀ।

**ਈ-ਮੇਲ ਵਿੱਚ ਸਮੇਂ ਦਾ ਵੀ ਜ਼ਿਕਰ**

ਧਮਕੀ ਭਰੀ ਈ-ਮੇਲ ਵਿੱਚ ਚੰਡੀਗੜ੍ਹ ਦੇ ਸਕੂਲਾਂ ਲਈ ਦੁਪਹਿਰ 1:11 ਵਜੇ ਅਤੇ ਹਰਿਆਣਾ ਮੁੱਖ ਮੰਤਰੀ ਦਫ਼ਤਰ ਲਈ ਦੁਪਹਿਰ 3:11 ਵਜੇ ਦਾ ਜ਼ਿਕਰ ਕੀਤਾ ਗਿਆ। ਇਸ ਵਿੱਚ ਬੰਬ ਧਮਾਕਿਆਂ ਅਤੇ ਡਰੋਨ ਦਾ ਵੀ ਜ਼ਿਕਰ ਕੀਤਾ ਗਿਆ ਸੀ। ਜਾਣਕਾਰੀ ਮੁਤਾਬਕ ਇਸ ਵਾਰ ਇਹ ਮੇਲ ਜੀਮੇਲ ਤੋਂ ਨਹੀਂ, ਸਗੋਂ ਰੈਡਿਫਮੇਲ ਰਾਹੀਂ ਭੇਜੀ ਗਈ।

**ਕੇਂਦਰੀ ਮੰਤਰੀਆਂ ਦਾ ਵੀ ਜ਼ਿਕਰ ਕੀਤਾ ਗਿਆ**

ਧਮਕੀ ਭਰੀ ਈ-ਮੇਲ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦਾ ਵੀ ਜ਼ਿਕਰ ਕੀਤਾ ਗਿਆ।

ਇਸ ਤੋਂ ਇਲਾਵਾ ਦਾਅਵਾ ਕੀਤਾ ਗਿਆ ਕਿ ਰੇਲਵੇ ਟਰੈਕ ਵੀ ਨਿਸ਼ਾਨੇ 'ਤੇ ਹਨ। ਨਾਲ ਹੀ ਲੋਕਾਂ ਨੂੰ ਰੇਲ ਯਾਤਰਾ ਨਾ ਕਰਨ ਅਤੇ 15 ਅਗਸਤ ਦੀ ਪਰੇਡ ਵਿੱਚ ਬੱਚਿਆਂ ਨੂੰ ਨਾ ਭੇਜਣ ਵਰਗੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਹਨ। ਫਿਲਹਾਲ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਮਾਮਲੇ ਦੀ ਜਾਂਚ ਕਰ ਰਹੀਆਂ ਹਨ।

# ਜਰਮਨੀ 'ਚ ਅੰਨ੍ਹੇਵਾਹ FIRING

## ਪੰਜ ਵਿਅਕਤੀਆਂ ਦੀ ਮੌਤ



ਬਰਲਿਨ: ਜਰਮਨੀ ਦੇ ਉੱਤਰੀ ਸੂਬੇ ਲੋਅਰ ਸੈਕਸਨੀ ਦੇ ਸ਼ਹਿਰ ਸਟੇਡ ਵਿੱਚ ਹੋਈ ਗੋਲੀਬਾਰੀ ਦੀ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ। ਘਟਨਾ ਤੋਂ ਬਾਅਦ ਇਲਾਕੇ ਵਿੱਚ ਹੜਕੰਪ ਮਚ ਗਿਆ ਅਤੇ ਪੁਲਿਸ ਨੇ ਵੱਡੇ ਪੱਧਰ 'ਤੇ ਸੁਰੱਖਿਆ ਕਾਰਵਾਈ ਸ਼ੁਰੂ ਕਰ ਦਿੱਤੀ। ਕੁਝ ਹੀ ਸਮੇਂ ਬਾਅਦ ਪੁਲਿਸ ਨੇ ਇੱਕ ਸ਼ੱਕੀ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਜਰਮਨ ਪੁਲਿਸ ਦੇ ਅਨੁਸਾਰ ਗੋਲੀਬਾਰੀ ਦੀ ਘਟਨਾ ਸ਼ਹਿਰ ਦੇ ਕੇਂਦਰੀ ਇਲਾਕੇ ਤੋਂ ਕੁਝ ਦੂਰ ਵਾਪਰੀ। ਸੂਚਨਾ ਮਿਲਦੇ ਹੀ ਵੱਡੀ ਗਿਣਤੀ ਵਿੱਚ ਪੁਲਿਸ, ਐਮਰਜੈਂਸੀ ਸੇਵਾਵਾਂ ਅਤੇ ਵਿਸ਼ੇਸ਼ ਸੁਰੱਖਿਆ ਦਸਤੇ ਮੌਕੇ 'ਤੇ ਪਹੁੰਚ ਗਏ। ਇਲਾਕੇ ਨੂੰ ਪੂਰੀ ਤਰ੍ਹਾਂ ਘੇਰ ਲਿਆ ਗਿਆ ਅਤੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਦੀ ਅਪੀਲ ਕੀਤੀ ਗਈ।

ਜਰਮਨ ਨਿਊਜ਼ ਏਜੰਸੀ ਡੀਪੀਏ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਸ਼ੱਕੀ ਹਮਲਾਵਰ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ। ਹਾਲਾਂਕਿ ਅਧਿਕਾਰੀਆਂ ਨੇ ਅਜੇ ਤੱਕ ਉਸ ਦੀ ਪਛਾਣ, ਉਮਰ ਜਾਂ ਹਮਲੇ ਦੇ ਮਕਸਦ ਬਾਰੇ ਕੋਈ ਅਧਿਕਾਰਕ ਜਾਣਕਾਰੀ ਜਾਰੀ ਨਹੀਂ ਕੀਤੀ। ਜਾਂਚ ਏਜੰਸੀਆਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਇਹ ਨਿੱਜੀ ਰੰਜਿਸ਼ ਦਾ ਮਾਮਲਾ ਸੀ, ਮਾਨਸਿਕ ਸਿਹਤ ਨਾਲ ਜੁੜਿਆ ਹੋਇਆ ਸੀ ਜਾਂ ਇਸ ਦੇ ਪਿੱਛੇ ਕੋਈ ਹੋਰ ਕਾਰਨ ਸੀ।

ਪੁਲਿਸ ਨੇ ਕਿਹਾ ਹੈ ਕਿ ਘਟਨਾ ਸਥਾਨ ਤੋਂ ਮਹੱਤਵਪੂਰਨ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਫੋਰੈਂਸਿਕ ਮਾਹਿਰਾਂ ਦੀਆਂ ਟੀਮਾਂ ਨੇ ਪੂਰੇ ਇਲਾਕੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਨੇੜਲੇ ਇਲਾਕਿਆਂ ਦੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ, ਤਾਂ ਜੋ ਗੋਲੀਬਾਰੀ ਦੀ ਅਸਲ ਵਜ੍ਹਾ ਅਤੇ ਘਟਨਾਕ੍ਰਮ ਦਾ ਪੂਰਾ ਪਤਾ ਲੱਗ ਸਕੇ। ਸਟੇਡ ਸ਼ਹਿਰ ਹੈਮਬਰਗ ਤੋਂ ਪੱਛਮ ਵੱਲ ਸਥਿਤ ਹੈ ਅਤੇ ਇੱਥੇ ਲਗਭਗ 50 ਹਜ਼ਾਰ ਲੋਕ ਰਹਿੰਦੇ ਹਨ। ਇਹ ਸ਼ਹਿਰ ਆਮ ਤੌਰ 'ਤੇ ਸ਼ਾਂਤ ਮੰਨਿਆ ਜਾਂਦਾ ਹੈ। ਇਸ ਕਰਕੇ ਇਸ ਤਰ੍ਹਾਂ ਦੀ ਵੱਡੀ ਗੋਲੀਬਾਰੀ ਦੀ ਘਟਨਾ ਨੇ ਸਥਾਨਕ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਘਟਨਾ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਨੇ ਲੋਕਾਂ ਨੂੰ ਅਫ਼ਵਾਹਾਂ ਤੋਂ ਦੂਰ ਰਹਿਣ ਅਤੇ ਸਿਰਫ਼ ਅਧਿਕਾਰਕ ਜਾਣਕਾਰੀ 'ਤੇ ਹੀ ਭਰੋਸਾ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਨੇ ਇਹ ਵੀ ਕਿਹਾ ਹੈ ਕਿ ਜਾਂਚ ਜਾਰੀ ਹੈ ਅਤੇ ਜਿਵੇਂ ਹੀ ਹੋਰ ਤੱਥ ਸਾਹਮਣੇ ਆਉਣਗੇ, ਉਨ੍ਹਾਂ ਨੂੰ ਜਨਤਕ ਕੀਤਾ ਜਾਵੇਗਾ। ਜਰਮਨੀ ਵਿੱਚ ਬੰਦੂਕਾਂ ਰੱਖਣ ਸਬੰਧੀ ਕਾਨੂੰਨ ਯੂਰਪ ਦੇ ਕਈ ਦੇਸ਼ਾਂ ਨਾਲੋਂ ਕਾਫ਼ੀ ਸਖ਼ਤ ਹਨ। ਇਸ ਦੇ ਬਾਵਜੂਦ ਪਿਛਲੇ ਕੁਝ ਸਾਲਾਂ ਦੌਰਾਨ ਕੁਝ ਗੰਭੀਰ ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਤੋਂ ਬਾਅਦ ਹਥਿਆਰਾਂ ਦੀ ਨਿਗਰਾਨੀ ਅਤੇ ਜਨਤਕ ਸੁਰੱਖਿਆ ਨੂੰ ਲੈ ਕੇ ਵਾਰ-ਵਾਰ ਚਰਚਾ ਹੁੰਦੀ ਰਹੀ ਹੈ। ਇਸ ਨਵੀਂ ਘਟਨਾ ਨੇ ਵੀ ਜਰਮਨੀ ਵਿੱਚ ਸੁਰੱਖਿਆ ਪ੍ਰਬੰਧਾਂ ਅਤੇ ਹਥਿਆਰਾਂ ਦੇ ਨਿਯੰਤਰਣ ਬਾਰੇ ਬਹਿਸ ਨੂੰ ਮੁੜ ਤੇਜ਼ ਕਰ ਦਿੱਤਾ ਹੈ। ਫਿਲਹਾਲ ਪੁਲਿਸ ਇਸ ਮਾਮਲੇ ਦੀ ਹਰ ਪੱਖ ਤੋਂ ਜਾਂਚ ਕਰ ਰਹੀ ਹੈ। ਮ੍ਰਿਤਕਾਂ ਦੀ ਪਛਾਣ ਅਤੇ ਹਮਲੇ ਦੇ ਸਹੀ ਕਾਰਨਾਂ ਬਾਰੇ ਹੋਰ ਜਾਣਕਾਰੀ ਅਧਿਕਾਰਕ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਾਹਮਣੇ ਆਉਣ ਦੀ ਉਮੀਦ ਹੈ।

# ਕਿਸੇ ਦੀ ਅਸਲੀ ਵੋਟ ਨਹੀਂ ਕੱਟਣ ਦਿੱਤੀ ਜਾਵੇਗੀ: CM ਭਗਵੰਤ ਮਾਨ



ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੋਕਾਂ ਨੂੰ ਸ਼੍ਰੀ-2026 ਤਹਿਤ ਆਪਣੀ ਵੋਟ ਦੀ ਪੁਸ਼ਟੀ ਕਰਨ ਲਈ ਗਣਨਾ ਫਾਰਮ ਭਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਵੋਟਰ ਸੂਚੀ ਦੀ ਲਗਭਗ 90 ਫੀਸਦੀ ਮੈਪਿੰਗ ਪਹਿਲਾਂ ਹੀ ਪੂਰੀ ਹੋ ਚੁੱਕੀ ਹੈ। ਉਨ੍ਹਾਂ ਇਹ ਵੀ ਦੁਹਰਾਇਆ ਕਿ ਪੰਜਾਬ ਸਰਕਾਰ ਇਸ ਪ੍ਰਕਿਰਿਆ ਦੌਰਾਨ ਕਿਸੇ ਵੀ ਵਿਅਕਤੀ ਦੀ ਅਸਲੀ ਵੋਟ ਨਹੀਂ ਕੱਟਣ ਦੇਵੇਗੀ।

**25 ਜੂਨ ਤੋਂ 24 ਜੁਲਾਈ ਤੱਕ ਚੱਲ ਰਹੀ ਹੈ ਮੁਹਿੰਮ**

ਸੂਬੇ ਵਿੱਚ SIR ਤਹਿਤ ਬੂਥ ਲੈਵਲ ਅਫਸਰ (BLO) 25 ਜੂਨ ਤੋਂ 24 ਜੁਲਾਈ ਤੱਕ ਘਰ-ਘਰ ਜਾ ਕੇ ਵੋਟਰ ਸੂਚੀ ਦੀ ਪੁਸ਼ਟੀ ਅਤੇ ਸੁਧਾਈ ਦਾ ਕੰਮ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸੰਤੁਸ਼ਟੀ ਦੀ ਗੱਲ ਹੈ ਕਿ ਵੱਡਾ ਹਿੱਸਾ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ ਅਤੇ ਬਾਕੀ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ।

**ਘਰ ਬੰਦ ਮਿਲਿਆ ਤਾਂ ਭਲੌ ਮੁੜ ਆਉਣਗੇ**

ਮੁੱਖ ਮੰਤਰੀ ਨੇ ਦੱਸਿਆ ਕਿ ਭਲੌ ਹਰ ਘਰ ਤੱਕ ਗਣਨਾ ਫਾਰਮ ਪਹੁੰਚਾ ਰਹੇ ਹਨ ਅਤੇ ਲੋਕਾਂ ਨੂੰ ਇਸ ਨੂੰ ਭਰਨ ਵਿੱਚ ਮਦਦ ਵੀ ਕਰ ਰਹੇ ਹਨ। ਵੋਟਰਾਂ ਦੀ ਸਹੂਲਤ ਲਈ ਫਾਰਮ ਨਾਲ ਕਿਸੇ ਵਾਧੂ ਦਸਤਾਵੇਜ਼ ਦੀ ਲੋੜ ਨਹੀਂ ਰੱਖੀ ਗਈ। ਜੇਕਰ ਕਿਸੇ ਘਰ 'ਤੇ ਤਾਲਾ ਮਿਲਦਾ ਹੈ ਤਾਂ BLO ਉੱਥੇ ਜਾਣਕਾਰੀ ਪਰਚੀ ਅਤੇ ਸਟਿਕਰ ਲਗਾਏਗਾ। ਇਸ ਤੋਂ ਬਾਅਦ ਭਰਿਆ ਹੋਇਆ ਫਾਰਮ ਲੈਣ ਲਈ ਘੱਟੋ-ਘੱਟ ਤਿੰਨ ਵਾਰ ਦੁਬਾਰਾ ਦੌਰਾ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਿਰਫ਼ ਉਹਨਾਂ ਵੋਟਰਾਂ ਦੇ ਨਾਮ ਡਰਾਫਟ ਵੋਟਰ ਸੂਚੀ ਵਿੱਚ ਸ਼ਾਮਲ ਕੀਤੇ ਜਾਣਗੇ ਜੋ ਸਹੀ ਤਰੀਕੇ ਨਾਲ ਭਰਿਆ ਫਾਰਮ ਜਮ੍ਹਾਂ ਕਰਵਾਉਣਗੇ। ਜੋ ਲੋਕ ਫਾਰਮ ਜਮ੍ਹਾਂ ਨਹੀਂ ਕਰਵਾਉਣਗੇ, ਉਨ੍ਹਾਂ ਬਾਰੇ ਗੁਆਂਢੀਆਂ ਤੋਂ ਜਾਣਕਾਰੀ ਲਈ ਜਾਵੇਗੀ ਅਤੇ ਉਨ੍ਹਾਂ ਨੂੰ ਚਾਰ ਸ਼੍ਰੇਣੀਆਂ—ਗੈਰ-ਹਾਜ਼ਰ, ਸਥਾਨਾਂਤਰਿਤ, ਮ੍ਰਿਤਕ ਅਤੇ ਦੋਹਰੀ ਵੋਟ ਵਾਲੇ ਵੋਟਰ ਵਿੱਚ ਰੱਖਿਆ ਜਾਵੇਗਾ।

**3 ਅਗਸਤ ਨੂੰ ਜਾਰੀ ਹੋਵੇਗੀ ਡਰਾਫਟ ਲਿਸਟ**

ਮੁੱਖ ਮੰਤਰੀ ਨੇ ਦੱਸਿਆ ਕਿ ਵੋਟਰ ਸੂਚੀ ਦਾ ਮਸੌਦਾ 3 ਅਗਸਤ ਨੂੰ ਜਾਰੀ ਕੀਤਾ ਜਾਵੇਗਾ ਅਤੇ ਇਹ ਸੂਚੀ ਸਿਆਸੀ ਪਾਰਟੀਆਂ ਦੇ ਬੂਥ ਲੈਵਲ ਏਜੰਟਾਂ ਨਾਲ ਵੀ ਸਾਂਝੀ ਕੀਤੀ ਜਾਵੇਗੀ।

# ਅਸਾਮ 'ਚ ਹੜ੍ਹ ਦਾ ਕਹਿਰ: ਹਜ਼ਾਰਾਂ ਲੋਕ ਬੇਘਰ

## 60 ਸਾਲ ਪੁਰਾਣਾ ਰੇਲਵੇ ਪੁਲ ਟੁੱਟਿਆ



ਧੇਮਜੀ: ਅਸਾਮ ਦੇ ਕਈ ਇਲਾਕਿਆਂ ਵਿੱਚ ਭਾਰੀ ਮੀਂਹ ਅਤੇ ਹੜ੍ਹ ਵਰਗੇ ਹਾਲਾਤ ਕਾਰਨ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਹੈ। ਸਭ ਤੋਂ ਵੱਧ ਅਸਰ ਧੇਮਜੀ ਜ਼ਿਲ੍ਹੇ ਵਿੱਚ ਦੇਖਣ ਨੂੰ ਮਿਲਿਆ, ਜਿੱਥੇ ਸਿਮੇਨ ਦਰਿਆ 'ਤੇ ਬਣਿਆ ਰੇਲਵੇ ਪੁਲ ਟੁੱਟ ਗਿਆ ਅਤੇ ਰੇਲ ਆਵਾਜਾਈ ਪ੍ਰਭਾਵਿਤ ਹੋ ਗਈ। ਲਗਾਤਾਰ ਮੀਂਹ ਕਾਰਨ ਹੜ੍ਹ ਦਾ ਪਾਣੀ ਕਈ ਪਿੰਡਾਂ ਤੱਕ ਪਹੁੰਚ ਗਿਆ ਹੈ ਅਤੇ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

**ਹਜ਼ਾਰਾਂ ਲੋਕ ਪ੍ਰਭਾਵਿਤ, ਪਿੰਡਾਂ ਵਿੱਚ ਭਰਿਆ ਪਾਣੀ**

ਰਾਜ ਆਫ਼ਤ ਪ੍ਰਬੰਧਨ ਅਥਾਰਟੀ ਦੇ ਅੰਕੜਿਆਂ ਅਨੁਸਾਰ, ਅਸਾਮ ਦੇ ਛੇ ਜ਼ਿਲ੍ਹਿਆਂ ਦੇ 22 ਹਜ਼ਾਰ ਤੋਂ ਵੱਧ ਲੋਕ ਇਸ ਹੜ੍ਹ ਨਾਲ ਪ੍ਰਭਾਵਿਤ ਹੋਏ ਹਨ। ਡਿਬਰੂਗੜ੍ਹ, ਲਖੀਮਪੁਰ, ਕੋਕਰਾਝਾਰ, ਚਿਰਾਂਗ, ਨਲਬਾੜੀ ਅਤੇ ਧੇਮਜੀ ਵਿੱਚ ਹਾਲਾਤ ਗੰਭੀਰ ਹਨ। ਇਨ੍ਹਾਂ ਵਿੱਚ ਧੇਮਜੀ ਸਭ ਤੋਂ ਵੱਧ ਪ੍ਰਭਾਵਿਤ ਰਿਹਾ, ਜਿੱਥੇ 15 ਹਜ਼ਾਰ ਤੋਂ ਵੱਧ ਲੋਕ ਹੜ੍ਹ ਦੀ ਮਾਰ ਝੱਲ ਰਹੇ ਹਨ। ਹੁਣ ਤੱਕ 96 ਪਿੰਡਾਂ ਵਿੱਚ ਪਾਣੀ ਦਾਖਲ ਹੋ ਚੁੱਕਾ ਹੈ ਅਤੇ 1690 ਹੈਕਟੇਅਰ ਫਸਲ ਨੂੰ ਨੁਕਸਾਨ ਪਹੁੰਚਿਆ ਹੈ।

**ਮੁੱਖ ਮੰਤਰੀ ਨੇ ਹਾਲਾਤ 'ਤੇ ਨਜ਼ਰ ਰੱਖਣ ਦੀ ਗੱਲ ਕਹੀ**

ਅਸਾਮ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਧੇਮਜੀ ਦੇ ਹਾਲਾਤਾਂ 'ਤੇ ਲਗਾਤਾਰ ਨਜ਼ਰ ਰੱਖ ਰਹੇ ਹਨ। ਉਨ੍ਹਾਂ ਦੱਸਿਆ ਕਿ ਰਾਹਤ ਅਤੇ ਬਚਾਅ ਕਾਰਜਾਂ ਦੀ ਨਿਗਰਾਨੀ ਲਈ ਦੋ ਮੰਤਰੀਆਂ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਸਰਕਾਰ ਦਾ ਧਿਆਨ ਪ੍ਰਭਾਵਿਤ ਪਰਿਵਾਰਾਂ ਦੀ ਸੁਰੱਖਿਆ ਅਤੇ ਮੁੜ ਵਸੇਬੇ 'ਤੇ ਕੇਂਦਰਿਤ ਹੈ।

**60 ਸਾਲ ਪੁਰਾਣਾ ਪੁਲ ਟੁੱਟਣ ਨਾਲ ਰੇਲ ਸੇਵਾ ਪ੍ਰਭਾਵਿਤ**

ਨੌਰਥ ਈਸਟ ਫਰੰਟੀਅਰ ਰੇਲਵੇ ਅਨੁਸਾਰ, ਅਰਚੀਪਾਥਰ ਅਤੇ ਸਿਮੇਨ ਚਪਰੀ ਸਟੇਸ਼ਨਾਂ ਦਰਮਿਆਨ ਰੇਲ ਸੇਵਾ ਰੋਕਣੀ ਪਈ ਹੈ। ਅਧਿਕਾਰੀਆਂ ਮੁਤਾਬਕ ਭਾਰੀ ਮੀਂਹ ਕਾਰਨ ਮਿੱਟੀ ਦਾ ਕਟਾਅ ਹੋਇਆ, ਜਿਸ ਨਾਲ ਪੁਲ ਦੇ ਨੇੜੇ ਜ਼ਮੀਨ ਖਿਸਕ ਗਈ ਅਤੇ ਪੁਲ ਨੁਕਸਾਨਗ੍ਰਸਤ ਹੋ ਗਿਆ। ਚੰਗੀ ਗੱਲ ਇਹ ਰਹੀ ਕਿ ਪਹਿਲਾਂ ਹੀ ਰੇਲ ਆਵਾਜਾਈ ਰੋਕ ਦਿੱਤੀ ਗਈ ਸੀ, ਜਿਸ ਕਾਰਨ ਕੋਈ ਹਾਦਸਾ ਨਹੀਂ ਹੋਇਆ।

**ਯਾਤਰੀਆਂ ਲਈ ਵਿਕਲਪਕ ਪ੍ਰਬੰਧ**

ਰੇਲਵੇ ਨੇ ਯਾਤਰੀਆਂ ਦੀ ਸਹੂਲਤ ਲਈ ਬੱਸਾਂ ਦੀ ਵਿਵਸਥਾ ਕੀਤੀ ਹੈ ਅਤੇ ਧੇਮਜੀ, ਸਿਲਾਪਾਥਰ ਅਤੇ ਮੁਰਕੋਂਗਸੇਲੇਕ ਵਿੱਚ ਹੈਲਪ ਡੈਸਕ ਵੀ ਬਣਾਏ ਹਨ।

# ਰਿਸ਼ਵਤ ਮਾਮਲੇ 'ਚ ਪੰਜਾਬ ਦੇ ਸਾਬਕਾ ਮੰਤਰੀ ਦੀ FIR ਰੱਦ ਕਰਨ ਦੀ ਮੰਗ ਖਾਰਜ

ਚੰਡੀਗੜ੍ਹ: ਪੰਜਾਬ ਦੀ ਸਾਬਕਾ ਕਾਂਗਰਸ ਸਰਕਾਰ ਵਿੱਚ ਉਦਯੋਗ ਮੰਤਰੀ ਰਹੇ ਸੁੰਦਰ ਸ਼ਾਮ ਅਰੋੜਾ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਝਟਕਾ ਲੱਗਿਆ ਹੈ। ਅਦਾਲਤ ਨੇ ਰਿਸ਼ਵਤ ਮਾਮਲੇ ਵਿੱਚ ਦਰਜ FIR ਅਤੇ ਟ੍ਰਾਇਲ ਕੋਰਟ ਵਿੱਚ ਚੱਲ ਰਹੀ ਕਾਰਵਾਈ ਨੂੰ ਰੱਦ ਕਰਨ ਦੀ ਮੰਗ ਵਾਲੀ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਹਾਈਕੋਰਟ ਨੇ ਕਿਹਾ ਕਿ ਪੇਸ਼ ਕੀਤੀ ਗਈ ਪਟੀਸ਼ਨ ਵਿੱਚ ਕੋਈ ਠੋਸ ਆਧਾਰ ਨਹੀਂ ਹੈ ਅਤੇ ਇਸ ਨੂੰ ਮਨਜ਼ੂਰ ਕਰਨ ਦਾ ਕੋਈ ਕਾਰਨ ਨਹੀਂ ਬਣਦਾ।

**2022 ਦੇ ਮਾਮਲੇ ਨਾਲ ਜੁੜਿਆ ਹੈ ਕੇਸ**

ਇਹ ਮਾਮਲਾ ਸਾਲ 2022 ਦਾ ਹੈ। ਪੰਜਾਬ ਵਿਜੀਲੈਂਸ ਬਿਊਰੋ ਨੇ ਸੁੰਦਰ ਸ਼ਾਮ ਅਰੋੜਾ ਨੂੰ ਆਪਣੇ ਇੱਕ ਸਹਾਇਕ ਮਹਾਨਿਰੀਖਕ (AIG) ਨੂੰ ਰਿਸ਼ਵਤ ਦੇਣ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਸੀ।

ਵਿਜੀਲੈਂਸ ਦੇ ਮੁਤਾਬਕ, ਆਮਦਨ ਤੋਂ ਵੱਧ ਸੰਪਤੀ ਦੇ ਮਾਮਲੇ ਵਿੱਚ ਆਪਣਾ ਨਾਮ ਹਟਵਾਉਣ ਲਈ ਅਰੋੜਾ ਨੇ ਅੀਘ ਨੂੰ 1 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਸੀ।

**50 ਲੱਖ ਰੁਪਏ ਦੀ ਪਹਿਲੀ ਕਿਸ਼ਤ ਨਾਲ ਗ੍ਰਿਫ਼ਤਾਰੀ ਦਾ ਦਾਅਵਾ**

ਜਾਂਚ ਏਜੰਸੀ ਦੇ ਅਨੁਸਾਰ, ਤੈਅ ਹੋਏ ਸੌਦੇ ਤਹਿਤ ਸੁੰਦਰ ਸ਼ਾਮ ਅਰੋੜਾ ਪਹਿਲੀ ਕਿਸ਼ਤ ਵਜੋਂ 50 ਲੱਖ ਰੁਪਏ ਲੈ ਕੇ ਪਹੁੰਚੇ ਸਨ।

ਦੋਸ਼ ਹੈ ਕਿ ਇਸ ਦੌਰਾਨ ਵਿਜੀਲੈਂਸ ਟੀਮ ਨੇ ਉਨ੍ਹਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਬਾਅਦ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ।

**ਹਾਈਕੋਰਟ ਨੇ ਦਲੀਲਾਂ ਨਹੀਂ ਮੰਨੀਆਂ**

ਇਸ FIR ਅਤੇ ਇਸ ਦੇ ਆਧਾਰ 'ਤੇ ਟ੍ਰਾਇਲ ਕੋਰਟ ਵਿੱਚ ਚੱਲ ਰਹੀ ਕਾਰਵਾਈ ਨੂੰ ਰੱਦ ਕਰਵਾਉਣ ਲਈ ਅਰੋੜਾ ਨੇ ਹਾਈਕੋਰਟ ਦਾ ਰੁਖ ਕੀਤਾ ਸੀ। ਉਨ੍ਹਾਂ ਪੂਰੇ ਮਾਮਲੇ ਨੂੰ ਖਤਮ ਕਰਨ ਦੀ ਮੰਗ ਕੀਤੀ ਸੀ। ਪਰ ਅਦਾਲਤ ਨੇ ਉਨ੍ਹਾਂ ਦੀਆਂ ਸਾਰੀਆਂ ਦਲੀਲਾਂ ਰੱਦ ਕਰਦਿਆਂ ਯਾਚਿਕਾ ਖਾਰਜ ਕਰ ਦਿੱਤੀ।

**ਜ਼ਮਾਨਤ ਮਿਲ ਚੁੱਕੀ, ਪਰ ਸੁਣਵਾਈ ਜਾਰੀ ਰਹੇਗੀ** ਹਾਲਾਂਕਿ ਇਸ ਮਾਮਲੇ ਵਿੱਚ ਸੁੰਦਰ ਸ਼ਾਮ ਅਰੋੜਾ ਨੂੰ ਪਹਿਲਾਂ ਹੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਨਿਯਮਿਤ ਜ਼ਮਾਨਤ ਮਿਲ ਚੁੱਕੀ ਹੈ। ਹੁਣ ਪਟੀਸ਼ਨ ਖਾਰਜ ਹੋਣ ਤੋਂ ਬਾਅਦ ਟ੍ਰਾਇਲ ਕੋਰਟ ਵਿੱਚ ਉਨ੍ਹਾਂ ਖ਼ਿਲਾਫ਼ ਕੇਸ ਦੀ ਸੁਣਵਾਈ ਪਹਿਲਾਂ ਵਾਂਗ ਜਾਰੀ ਰਹੇਗੀ।

# ਕੇਰਲਾ 'ਚ ਸਿਆਸੀ ਪ੍ਰਦਰਸ਼ਨ:

## ਭਾਜਪਾ ਤੇ ਕਾਂਗਰਸ ਦੇ ਕੌਂਸਲਰਾਂ 'ਚ ਟਕਰਾਅ



ਕੇਰਲਾ ਦੇ ਤਿਰੂਵਨੰਤਪੁਰਮ ਨਗਰ ਨਿਗਮ 'ਚ ਸੋਮਵਾਰ ਨੂੰ ਕੌਂਸਲ ਦੀ ਬੈਠਕ ਦੌਰਾਨ ਭਾਰੀ ਹੰਗਾਮਾ ਅਤੇ ਹੱਥੋਪਾਈ ਹੋਈ ਹੈ। ਐਲਡੀਐਫ ਦੇ ਕੌਂਸਲਰਾਂ ਨੇ ਭਾਜਪਾ ਕੌਂਸਲਰ ਸੁਗਥਾਨ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਸੀ, ਜੋ ਵਜ਼ੋਤੂਕੋਨਮ ਵਾਰਡ ਦੀ ਨੁਮਾਇੰਦਗੀ ਕਰਦੇ ਹਨ। ਇਸ ਦੌਰਾਨ ਭਾਜਪਾ ਅਤੇ ਕਾਂਗਰਸ ਦੇ ਕੌਂਸਲਰਾਂ ਵਿਚਾਲੇ ਤਿੱਖੀ ਬਹਿਸ ਸ਼ੁਰੂ ਹੋ ਗਈ, ਜੋ ਇਕਦਮ ਹੱਥੋਪਾਈ ਵਿਚ ਬਦਲ ਗਈ।

ਇਸ ਪੂਰੇ ਵਿਵਾਦ ਦੀ ਜੜ੍ਹ ਭਾਜਪਾ ਕੌਂਸਲਰ ਸੁਗਾਥਾਨ ਦੀ ਗ੍ਰਿਫਤਾਰੀ ਹੈ। ਸੁਗਾਥਾਨ ਨੂੰ 10 ਜੂਨ ਨੂੰ ਕੇਰਲ ਐਂਟੀ-ਸਮਾਜਿਕ ਗਤੀਵਿਧੀਆਂ (ਰੋਕੂ) ਐਕਟ (ਕਾਪਾ) ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ ਇਕ ਮੰਦਿਰ ਦੇ ਤਿਉਹਾਰ ਦੌਰਾਨ ਕਥਿਤ ਹਮਲੇ ਦਾ ਦੋਸ਼ ਹੈ। ਪੁਲਿਸ ਨੇ ਇਹ ਕਾਰਵਾਈ ਕੇਰਲ ਹਾਈ ਕੋਰਟ ਵੱਲੋਂ ਉਸ ਦੀ ਅਗਾਊਂ ਜ਼ਮਾਨਤ ਪਟੀਸ਼ਨ ਖਾਰਜ ਕੀਤੇ ਜਾਣ ਤੋਂ ਬਾਅਦ ਕੀਤੀ ਹੈ। ਸੁਗਥਾਨ ਖਿਲਾਫ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। 10 ਜੂਨ ਨੂੰ ਜਦੋਂ ਪੁਲਿਸ ਭਾਜਪਾ ਕੌਂਸਲਰ ਸੁਗਾਤਾਨ ਨੂੰ ਗ੍ਰਿਫ਼ਤਾਰ ਕਰਨ ਪੁੱਜੀ ਤਾਂ ਭਾਜਪਾ ਵਰਕਰਾਂ ਨੇ ਪੁਲਿਸ ਟੀਮ ਨੂੰ ਘੇਰ ਲਿਆ। ਪੁਲਿਸ ਅਤੇ ਵਰਕਰਾਂ ਵਿਚਕਾਰ ਟਕਰਾਅ ਇਸ ਹੱਦ ਤੱਕ ਵੱਧ ਗਿਆ ਕਿ ਪੁਲਿਸ ਨੂੰ ਭੀੜ ਨੂੰ ਖਿੰਡਾਉਣ ਲਈ ਹਵਾ ਵਿੱਚ ਗੋਲੀਆਂ ਚਲਾਉਣੀਆਂ ਪਈਆਂ। ਇਸ ਹੰਗਾਮੇ ਤੋਂ ਬਾਅਦ ਪੁਲਿਸ ਨੇ ਸੁਗਥਾਨ ਅਤੇ ਚਾਰ ਹੋਰਾਂ ਵਿਰੁੱਧ ਸਰਕਾਰੀ ਕਰਮਚਾਰੀਆਂ ਦੀ ਕੁੱਟਮਾਰ ਕਰਨ ਅਤੇ ਦਫ਼ਤਰੀ ਕੰਮ ਵਿੱਚ ਵਿਘਨ ਪਾਉਣ ਦੇ ਦੋਸ਼ ਵਿੱਚ ਨਵਾਂ ਕੇਸ ਵੀ ਦਰਜ ਕੀਤਾ ਹੈ।

ਖੱਬੇ ਜਮਹੂਰੀ ਮੋਰਚੇ (ਐਲਡੀਐਫ) ਕੌਂਸਲਰ ਸੁਗਾਥਾਨ ਨੂੰ ਹਟਾਉਣ ਦੀ ਆਪਣੀ ਮੰਗ 'ਤੇ ਅੜੇ ਹੋਏ ਹਨ ਅਤੇ ਲੰਬੇ ਸਮੇਂ ਤੋਂ ਨਗਰ ਨਿਗਮ ਦੇ ਬਾਹਰ *ਸਤਿਆਗ੍ਰਹਿ* ਕਰ ਰਹੇ ਹਨ। ਐਲਡੀਐਫ ਦਾ ਦੋਸ਼ ਹੈ ਕਿ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਭਾਜਪਾ ਲੀਡਰਸ਼ਿਪ ਆਪਣੇ ਕੌਂਸਲਰ ਨੂੰ ਬਚਾ ਰਹੀ ਹੈ। ਆਗੂ ਦਲੀਲ ਦਿੰਦੇ ਹਨ ਕਿ ਅਜਿਹੇ ਵਿਅਕਤੀ ਦਾ ਨਿਰੰਤਰ ਕਾਰਜਕਾਲ ਜਮਹੂਰੀ ਸੰਸਥਾਵਾਂ ਨੂੰ ਕਮਜ਼ੋਰ ਕਰਦਾ ਹੈ। ਇਸ ਮੰਗ ਨੂੰ ਲੈ ਕੇ ਸੋਮਵਾਰ ਦੀ ਮੀਟਿੰਗ ਦੌਰਾਨ ਪੋਸਟਰ ਚਿਪਕਾਏ ਗਏ, ਜਿਸ ਨਾਲ ਪੂਰੇ ਸਦਨ ਨੂੰ ਅਖਾੜੇ ਵਿੱਚ ਬਦਲ ਦਿੱਤਾ ਗਿਆ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS




100% NATURAL PRODUCT
PRODUCT OF CANADA
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਲਿਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
Visit nutraselect.ca to learn the amazing health benefits of our fresh ajwa date seed powder
NUTRA SELECT
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop



We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS

NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

### ਬੁੱਧ ਚਿੰਤਨ

# *ਵਿਧਾਇਕਾਂ ਦੀ ਬੌਧਿਕ ਕੰਗਾਲੀ: ਪੰਜਾਬ ਸਰਕਾਰ ਨੂੰ ਚਲਾ ਕੌਣ ਰਿਹਾ ਹੈ?*



ਬੁੱਧ ਸਿੰਘ ਨੀਲੋਂ
94643 70823

ਲੋਕਤੰਤਰ ਦੀ ਸਭ ਤੋਂ ਵੱਡੀ ਤਾਕਤ ਵਿਧਾਨ ਸਭਾ ਹੁੰਦੀ ਹੈ। ਇਹ ਉਹ ਥਾਂ ਹੈ ਜਿੱਥੇ ਲੋਕਾਂ ਦੀ ਆਵਾਜ਼ ਕਾਨੂੰਨ ਦਾ ਰੂਪ ਧਾਰਦੀ ਹੈ। ਵਿਧਾਇਕ ਸਿਰਫ਼ ਕਿਸੇ ਪਾਰਟੀ ਦੇ ਨੁਮਾਇੰਦੇ ਨਹੀਂ ਹੁੰਦੇ, ਉਹ ਲੋਕਾਂ ਦੇ ਵਿਵੇਕ, ਉਮੀਦਾਂ ਅਤੇ ਅਧਿਕਾਰਾਂ ਦੇ ਰਾਖੇ ਵੀ ਹੁੰਦੇ ਹਨ। ਇਸ ਲਈ ਜਦੋਂ ਵਿਧਾਨ ਸਭਾ ਵਿਚਾਰ ਦੀ ਥਾਂ ਸਿਰਫ਼ ਰਸਮੀ ਕਾਰਵਾਈ ਦਾ ਕੇਂਦਰ ਬਣ ਜਾਵੇ, ਤਾਂ ਇਹ ਕਿਸੇ ਇੱਕ ਸਰਕਾਰ ਦੀ ਨਹੀਂ, ਸਾਰੇ ਲੋਕਤੰਤਰ ਦੀ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ। ਇਸ ਸਮੇਂ ਇਹ ਵਿਧਾਨ ਸਭਾ ਚਿੰਤਾਂ ਦਾ ਵਿਸ਼ਾ ਬਣੀ ਹੋਈ ਹੈ।



ਅੱਜ ਪੰਜਾਬ ਦੇ ਸਾਹਮਣੇ ਇੱਕ ਬੁਨਿਆਦੀ ਸਵਾਲ ਖੜ੍ਹਾ ਹੈ। ਕੀ ਪੰਜਾਬ ਸਰਕਾਰ ਨੂੰ ਅਸਲ ਵਿੱਚ ਚੁਣੇ ਹੋਏ ਵਿਧਾਇਕ ਚਲਾ ਰਹੇ ਹਨ ਜਾਂ ਨੀਤੀਆਂ ਕਿਤੇ ਹੋਰ ਬਣਦੀਆਂ ਹਨ ਅਤੇ ਵਿਧਾਨ ਸਭਾ ਸਿਰਫ਼ ਉਨ੍ਹਾਂ 'ਤੇ ਮੋਹਰ ਲਾਉਣ ਦਾ ਕੰਮ ਕਰਦੀ ਹੈ? ਇਸ ਦਾ ਪ੍ਰਤੱਖ ਸਬੂਤ ਕੱਲ੍ਹ ਸਾਹਮਣੇ ਆ ਗਿਆ ਹੈ।

ਇਹ ਸਵਾਲ ਇਸ ਲਈ ਪੈਦਾ ਹੁੰਦਾ ਹੈ ਕਿਉਂਕਿ ਅਕਸਰ ਇਹ ਪ੍ਰਭਾਵ ਬਣਦਾ ਹੈ ਕਿ ਕਈ ਬਿੱਲ ਬਹੁਤ ਘੱਟ ਚਰਚਾ ਨਾਲ ਪਾਸ ਹੋ ਜਾਂਦੇ ਹਨ। ਲੋਕ ਪੁੱਛਦੇ ਹਨ ਕਿ ਕੀ ਹਰ ਵਿਧਾਇਕ ਨੇ ਉਹ ਬਿੱਲ ਪੜ੍ਹਿਆ ਸੀ? ਕੀ ਉਸ ਨੇ ਉਸ ਦੇ ਕਾਨੂੰਨੀ, ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਨੂੰ ਸਮਝਿਆ ਸੀ? ਕੀ ਉਸ ਨੇ ਆਪਣੇ ਹਲਕੇ ਦੇ ਲੋਕਾਂ ਨਾਲ ਸਲਾਹ ਕੀਤੀ ਸੀ? ਜਾਂ ਸਿਰਫ਼ ਪਾਰਟੀ ਦੇ ਹੁਕਮ ਨੂੰ ਹੀ ਆਪਣਾ ਫ਼ਰਜ਼ ਸਮਝ ਲਿਆ?

ਲੋਕਤੰਤਰ ਵਿੱਚ ਪਾਰਟੀ ਅਨੁਸ਼ਾਸਨ ਦੀ ਆਪਣੀ ਥਾਂ ਹੈ, ਪਰ ਵਿਧਾਇਕ ਦੀ ਪਹਿਲੀ ਜ਼ਿੰਮੇਵਾਰੀ ਲੋਕਾਂ ਪ੍ਰਤੀ ਹੁੰਦੀ ਹੈ। ਜੇ ਉਹ ਹਰ ਗੱਲ 'ਤੇ ਬਿਨਾਂ ਸੋਚੇ-ਸਮਝੇ ਸਹਿਮਤੀ ਦੇ ਦੇਵੇ, ਤਾਂ ਉਹ ਆਪਣੇ ਵਿਵੇਕ ਦੀ ਵਰਤੋਂ ਨਹੀਂ ਕਰ ਰਿਹਾ। ਸਗੋਂ ਉਪਰਲੇ ਹੁਕਮ ਨੂੰ ਵਜਾਉਂਦਾ ਹੈ।

ਇੱਥੇ ਇੱਕ ਹੋਰ ਮਹੱਤਵਪੂਰਨ ਸਵਾਲ ਖੜ੍ਹਾ ਹੁੰਦਾ ਹੈ, ਪੰਜਾਬ ਦੀਆਂ ਨੀਤੀਆਂ ਘੜਦਾ ਕੌਣ ਹੈ?

ਕੀ ਉਹ ਮੰਤਰੀ ਹਨ? ਕੀ ਉਹ ਵਿਧਾਇਕ ਹਨ? ਕੀ ਉਹ ਸੀਨੀਅਰ ਅਫ਼ਸਰ ਹਨ? ਕੀ ਉਹ ਮਾਹਿਰਾਂ ਦੀਆਂ ਕਮੇਟੀਆਂ ਹਨ? ਜਾਂ ਫਿਰ ਫ਼ੈਸਲੇ ਕਿਸੇ ਅਜਿਹੇ ਪ੍ਰਸ਼ਾਸਨਿਕ ਜਾਂ ਰਾਜਨੀਤਿਕ ਢਾਂਚੇ ਵਿੱਚ ਤਿਆਰ ਹੁੰਦੇ ਹਨ, ਜਿਸ ਬਾਰੇ ਆਮ ਲੋਕਾਂ ਨੂੰ ਬਹੁਤ ਘੱਟ ਜਾਣਕਾਰੀ ਹੁੰਦੀ ਹੈ? ਲੋਕਤੰਤਰ ਵਿੱਚ ਨੀਤੀਆਂ ਬਣਾਉਣ ਦੀ ਪ੍ਰਕਿਰਿਆ ਪਾਰਦਰਸ਼ੀ ਹੋਣੀ ਚਾਹੀਦੀ ਹੈ ਤਾਂ ਜੋ ਲੋਕ ਜਾਣ ਸਕਣ ਕਿ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲੇ ਕਿਵੇਂ ਲਏ ਜਾਂਦੇ ਹਨ। ਕੀ ਇਹ ਪਾਰਦਰਸ਼ੀ ਤਰੀਕੇ ਵਰਤੇ ਜਾ ਰਹੇ ਹਨ ਕਿ ਨਹੀਂ?

ਜੇ ਵਿਧਾਇਕ ਖੁਦ ਹੀ ਕਿਸੇ ਬਿੱਲ ਦੀਆਂ ਮੁੱਖ ਧਾਰਾਵਾਂ ਦੀ ਵਿਆਖਿਆ ਨਾ ਕਰ ਸਕਣ, ਤਾਂ ਫਿਰ ਲੋਕਾਂ ਨੂੰ ਇਹ ਪੁੱਛਣ ਦਾ ਪੂਰਾ ਹੱਕ ਹੈ ਕਿ ਉਹਨਾਂ ਨੇ ਉਸ ਨੂੰ ਪਾਸ ਕਿਉਂ ਕੀਤਾ।

ਬੌਧਿਕਤਾ ਦਾ ਮਤਲਬ ਵੱਡੀਆਂ ਡਿਗਰੀਆਂ ਨਹੀਂ। ਬੌਧਿਕਤਾ ਦਾ ਮਤਲਬ ਹੈ, ਪੜ੍ਹਨਾ, ਸੁਣਨਾ, ਸਵਾਲ ਪੁੱਛਣਾ, ਤਰਕ ਕਰਨਾ ਅਤੇ ਲੋਕ-ਹਿੱਤ ਨੂੰ ਪਹਿਲ ਦੇਣਾ। ਵਿਧਾਇਕ ਜੇ ਇਹ ਸਭ ਨਹੀਂ ਕਰਦਾ, ਤਾਂ ਉਹ ਸਿਰਫ਼ ਇੱਕ ਗਿਣਤੀ ਬਣ ਕੇ ਰਹਿ ਜਾਂਦਾ ਹੈ।

ਅੱਜ ਸਾਡੀਆਂ ਵਿਧਾਨ ਸਭਾਵਾਂ ਵਿੱਚ ਚਰਚਾ ਦਾ ਪੱਧਰ ਕਿਉਂ ਘਟ ਰਿਹਾ ਹੈ? ਬਿੱਲਾਂ ਨੂੰ ਵਿਸਥਾਰ ਨਾਲ ਪੜ੍ਹਨ ਦੀ ਪਰੰਪਰਾ ਕਿਉਂ ਕਮਜ਼ੋਰ ਹੋ ਰਹੀ ਹੈ? ਵਿਸ਼ਾ-ਮਾਹਿਰਾਂ ਦੀ ਰਾਇ ਨੂੰ ਕਿੰਨਾ ਮਹੱਤਵ ਮਿਲਦਾ ਹੈ? ਇਹ ਸਵਾਲ ਕਿਸੇ ਇੱਕ ਪਾਰਟੀ ਲਈ ਨਹੀਂ, ਹਰ ਸਰਕਾਰ ਅਤੇ ਹਰ ਵਿਧਾਨ ਸਭਾ ਲਈ ਮਹੱਤਵਪੂਰਨ ਹਨ।

ਜਦੋਂ ਵਿਚਾਰ ਕਮਜ਼ੋਰ ਹੋ ਜਾਂਦੇ ਹਨ ਤਾਂ ਪ੍ਰਚਾਰ ਮਜ਼ਬੂਤ ਹੋ ਜਾਂਦਾ ਹੈ। ਜਦੋਂ ਅਧਿਐਨ ਘੱਟ ਜਾਂਦਾ ਹੈ ਤਾਂ ਨਾਅਰੇ ਵੱਧ ਜਾਂਦੇ ਹਨ। ਜਦੋਂ ਵਿਵੇਕ ਚੁੱਪ ਹੋ ਜਾਂਦਾ ਹੈ ਤਾਂ ਤਾਲੀਆਂ ਬੋਲਣ ਲੱਗ ਜਾਂਦੀਆਂ ਹਨ। ਇਹੀ ਬੌਧਿਕ ਕੰਗਾਲੀ ਹੈ।

ਸਮਾਜ ਦੀ ਬੌਧਿਕਤਾ ਦਾ ਪੱਧਰ ਉਸ ਦੇ ਚੁਣੇ ਹੋਏ ਨੁਮਾਇੰਦਿਆਂ ਤੋਂ ਵੀ ਮਾਪਿਆ ਜਾਂਦਾ ਹੈ। ਜੇ ਵਿਧਾਨ ਸਭਾ ਵਿਚਾਰਾਂ ਦਾ ਕੇਂਦਰ ਨਹੀਂ ਰਹਿੰਦੀ, ਤਾਂ ਸਮਾਜ ਵਿੱਚ ਵੀ ਵਿਚਾਰਾਂ ਦੀ ਗਿਰਾਵਟ ਆਉਂਦੀ ਹੈ। ਫਿਰ ਲੋਕ ਕਿਤਾਬਾਂ ਦੀ ਥਾਂ ਅਫ਼ਵਾਹਾਂ ਤੋਂ ਸਿੱਖਣ ਲੱਗ ਪੈਂਦੇ ਹਨ ਅਤੇ ਤਰਕ ਦੀ ਥਾਂ ਭਾਵਨਾਵਾਂ ਫ਼ੈਸਲੇ ਕਰਨ ਲੱਗਦੀਆਂ ਹਨ। ਉਹੀ ਨੀਤੀਆਂ ਲੋਕਾਂ ਦੇ ਮਾਰੂ ਸਾਬਤ ਹੁੰਦੀਆਂ ਹਨ।

ਇਸ ਲਈ ਅੱਜ ਲੋੜ ਸਿਰਫ਼ ਸਰਕਾਰ ਬਦਲਣ ਦੀ ਨਹੀਂ, ਰਾਜਨੀਤਿਕ ਸੰਸਕ੍ਰਿਤੀ ਬਦਲਣ ਦੀ ਹੈ। ਵਿਧਾਇਕਾਂ ਨੂੰ ਹਰ ਬਿੱਲ ਦਾ ਅਧਿਐਨ ਕਰਨਾ ਚਾਹੀਦਾ ਹੈ, ਲੋਕਾਂ ਨਾਲ ਸੰਵਾਦ ਕਰਨਾ ਚਾਹੀਦਾ ਹੈ, ਮਾਹਿਰਾਂ ਦੀ ਰਾਇ ਸੁਣਨੀ ਚਾਹੀਦੀ ਹੈ ਅਤੇ ਫਿਰ ਆਪਣੇ ਵਿਵੇਕ ਅਨੁਸਾਰ ਫ਼ੈਸਲਾ ਕਰਨਾ ਚਾਹੀਦਾ ਹੈ। ਇਹੀ ਲੋਕਤੰਤਰ ਦੀ ਰੂਹ ਹੈ।

ਨਾਗਰਿਕਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਵਿਧਾਇਕਾਂ ਤੋਂ ਸਵਾਲ ਪੁੱਛਣ। ਤੁਸੀਂ ਕਿਹੜੇ ਬਿੱਲ ਪੜ੍ਹੇ? ਕਿਹੜੇ ਮਸਲੇ 'ਤੇ ਤੁਸੀਂ ਕੀ ਰਾਇ ਦਿੱਤੀ? ਤੁਸੀਂ ਆਪਣੇ ਹਲਕੇ ਦੀ ਆਵਾਜ਼ ਵਿਧਾਨ ਸਭਾ ਵਿੱਚ ਕਿਵੇਂ ਉਠਾਈ? ਲੋਕਤੰਤਰ ਸਿਰਫ਼ ਵੋਟ ਪਾਉਣ ਨਾਲ ਨਹੀਂ, ਸਗੋਂ ਲਗਾਤਾਰ ਜਵਾਬਦੇਹੀ ਮੰਗਣ ਨਾਲ ਮਜ਼ਬੂਤ ਹੁੰਦਾ ਹੈ।

*"ਜਦੋਂ ਵਿਧਾਇਕ ਕਿਤਾਬਾਂ ਪੜ੍ਹਨੀਆਂ ਛੱਡ ਦੇਣ, ਤਾਂ ਕਾਨੂੰਨ ਲੋਕਾਂ ਦੀ ਕਿਸਮਤ ਲਿਖਦੇ ਹਨ, ਪਰ ਇਨਸਾਫ਼ ਦਾ ਇਤਿਹਾਸ ਨਹੀਂ। ਬੌਧਿਕਤਾ ਤੋਂ ਖਾਲੀ ਵਿਧਾਨ ਸਭਾ ਲੋਕਤੰਤਰ ਦੀ ਸਭ ਤੋਂ ਵੱਡੀ ਗਰੀਬੀ ਹੈ।"*

## ਅੱਖਰ

ਕਲਮ ਨੂੰ ਸਿਆਹੀ ਦਾ ਰੰਗ ਲਾਇਆ ਏ।
ਹਰੇਕ ਅੱਖਰ ਪੰਨੇ ਉੱਤੇ ਦਰਸਾਇਆ ਏ।
ਕੋਰੇ ਕਾਗਜ਼ ਦੀ ਕੀਮਤ ਨੂੰ ਵਧਾਇਆ ਏ।
ਹਰੇਕ ਪੰਨਾ ਜੋੜ ਕਿਤਾਬ ਨੂੰ ਬਣਾਇਆ ਏ।

ਲਗਾਂ ਮਾਤਰਾਵਾਂ ਨੂੰ ਨਾਲ ਲਾ ਕੇ,
ਅੱਖਰਾਂ ਦੀ ਕੀਮਤ ਨੂੰ ਵਧਾਇਆ ਏ।
ਦਿਲ ਦੇ ਅਹਿਸਾਸਾਂ ਤੇ ਜਜ਼ਬਾਤਾਂ ਨੂੰ ,
ਅੱਖਰਾਂ ਦੇ ਰੰਗ ਵਿੱਚ ਦਰਸਾਇਆ ਏ।
ਹਰੇਕ ਪੰਨਾ ਜੋੜ ਕਿਤਾਬ ਨੂੰ ਬਣਾਇਆ ਏ।

ਜਦੋਂ ਕੋਈ ਰੂਹ ਇਹਨਾਂ ਨੂੰ ਪੜ੍ਹਦੀ ਹੈ,
ਹਨ੍ਹੇਰੇ ਤੋਂ ਚਾਨਣ ਵੱਲ ਵੱਧਦੀ ਹੈ।
ਅੱਖਰਾਂ ਨੇ ਦੁਨੀਆ ਨੂੰ ਜਿਊਣਾ ਸਿਖਾਇਆ ਏ।
ਹਰੇਕ ਪੰਨਾ ਜੋੜ ਕਿਤਾਬ ਨੂੰ ਬਣਾਇਆ ਏ।

ਇਹ ਅੱਖਰ ਕਦੇ ਨਾ ਮਿਟਦੇ ਨੇ,
ਮਨ ਦੇ ਵਿਹੜੇ ਵਿੱਚ ਖਿੜਦੇ ਨੇ।
ਇਹਨਾਂ ਨੇ ਸਦੀਆਂ ਦਾ ਸਾਥ ਨਿਭਾਇਆ ਏ,
ਹਰੇਕ ਪੰਨਾ ਜੋੜ ਕਿਤਾਬ ਨੂੰ ਬਣਾਇਆ ਏ।

ਪਰਮਬੀਰ ਕੌਰ ਰਿਆੜ

# ਮਾਂ ਦੀ ਝਿੜਕ: ਇੱਕ ਅਨਮੋਲ ਦਾਤ



ਪਿੰਡ ਦੀਆਂ ਛੋਟੀਆਂ ਅਤੇ ਤੰਗ ਗਲੀਆਂ ਵਿੱਚੋਂ ਜਦੋਂ ਡੀ.ਸੀ. (Deputy Commissioner) ਹਰਪਾਲ ਸਿੰਘ ਦੀਆਂ ਲਾਲ ਬੱਤੀਆਂ ਵਾਲੀਆਂ ਗੱਡੀਆਂ ਦਾ ਕਾਫ਼ਲਾ ਲੰਘਿਆ, ਤਾਂ ਪਿੰਡ ਦੇ ਲੋਕ ਸਤਿਕਾਰ ਨਾਲ ਪਾਸੇ ਹੋ ਗਏ। ਹਰਪਾਲ ਪੂਰੇ ਪੰਜ ਸਾਲਾਂ ਬਾਅਦ ਆਪਣੇ ਪਿੰਡ ਆਇਆ ਸੀ। ਉਸਦੇ ਨਾਲ ਉਸਦਾ ਪਰਸਨਲ ਅਸਿਸਟੈਂਟ (P.A.) ਸ਼ਰਮਾ ਜੀ ਅਤੇ ਕੁਝ ਹੋਰ ਅਧਿਕਾਰੀ ਵੀ ਸਨ।

ਘਰ ਦੇ ਵੱਡੇ ਵਿਹੜੇ ਵਿੱਚ ਕੁਰਸੀਆਂ ਡਾਹ ਦਿੱਤੀਆਂ ਗਈਆਂ। ਡੀ.ਸੀ. ਸਾਹਬ ਫੋਨ 'ਤੇ ਕਿਸੇ ਮੰਤਰੀ ਨਾਲ ਰੁੱਝੇ ਹੋਏ ਸਨ ਅਤੇ ਬਾਕੀ ਅਫ਼ਸਰ ਫਾਈਲਾਂ ਫਰੋਲ ਰਹੇ ਸਨ। ਅੰਦਰ ਰਸੋਈ ਵਿੱਚੋਂ ਮੱਕੀ ਦੀ ਰੋਟੀ ਅਤੇ ਸਰ੍ਹੋਂ ਦੇ ਸਾਗ ਦੀ ਮਹਿਕ ਪੂਰੇ ਵਿਹੜੇ ਵਿੱਚ ਫੈਲ ਰਹੀ ਸੀ।

ਬੇਬੇ (ਹਰਪਾਲ ਦੀ ਮਾਂ) ਨੇ ਅੰਦਰੋਂ ਦੋ ਵਾਰ ਸੁਨੇਹਾ ਭੇਜਿਆ, **"ਕਾਕੇ ਨੂੰ ਕਹੋ, ਰੋਟੀ ਤਿਆਰ ਐ, ਆ ਕੇ ਖਾ ਲਵੇ।"** ਪਰ ਹਰ ਵਾਰ ਹਰਪਾਲ ਦਾ ਜਵਾਬ ਆਉਂਦਾ, **"ਬੇਬੇ ਨੂੰ ਕਹੋ ਪੰਜ ਮਿੰਟ ਰੁਕ ਜਾਵੇ, ਜ਼ਰੂਰੀ ਮੀਟਿੰਗ ਚੱਲ ਰਹੀ ਐ।"**

ਜਦੋਂ ਅੱਧਾ ਘੰਟਾ ਬੀਤ ਗਿਆ ਤਾਂ ਬੇਬੇ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਉਹ ਆਪਣੇ ਹੱਥ ਵਿੱਚ ਪਰਨਾ ਫੜੀ ਸਿੱਧੀ ਵਿਹੜੇ ਵਿੱਚ ਆ ਗਈ। ਗਾਰਡ ਅਤੇ ਅਫ਼ਸਰ ਉਸਨੂੰ ਵੇਖ ਕੇ ਸਤਿਕਾਰ ਨਾਲ ਖੜ੍ਹੇ ਹੋ ਗਏ, ਪਰ ਬੇਬੇ ਨੇ ਕਿਸੇ ਵੱਲ ਧਿਆਨ ਨਾ ਦਿੱਤਾ।

ਉਹ ਸਿੱਧੀ ਹਰਪਾਲ ਕੋਲ ਗਈ, ਉਸਦੇ ਹੱਥੋਂ ਫੋਨ ਖੋਹ ਕੇ ਮੇਜ਼ 'ਤੇ ਰੱਖਿਆ ਅਤੇ ਬਿਨਾਂ ਕੁਝ ਸੋਚੇ ਸਮਝੇ ਹਰਪਾਲ ਦਾ ਸੱਜਾ ਕੰਨ ਜ਼ੋਰ ਨਾਲ ਮਰੋੜ ਦਿੱਤਾ।

**"ਓਏ ਬੜਾ ਵੱਡਾ ਅਫ਼ਸਰ ਬਣ ਗਿਆ ਤੂੰ?"** ਬੇਬੇ ਗੁੱਸੇ ਨਾਲ ਬੋਲੀ, **"ਬਾਹਰ ਹੋਵੇਂਗਾ ਤੂੰ ਡੀ.ਸੀ., ਮੇਰੇ ਲਈ ਤਾਂ ਅਜੇ ਵੀ ਉਹੀ ਨਿਆਣਾ ਐਂ ਜਿਹੜਾ ਰੋਟੀ ਵੇਲੇ ਨਖਰੇ ਕਰਦਾ ਸੀ! ਚੱਲ ਉੱਠ, ਪਹਿਲਾਂ ਰੋਟੀ ਖਾ, ਤੇਰੀਆਂ ਫਾਈਲਾਂ ਕਿਤੇ ਨਹੀਂ ਭੱਜਦੀਆਂ!"**

ਵਿਹੜੇ ਵਿੱਚ ਸੰਨਾਟਾ ਛਾ ਗਿਆ। ਪੂਰੇ ਜ਼ਿਲ੍ਹੇ ਨੂੰ ਹੁਕਮ ਚਲਾਉਣ ਵਾਲਾ ਡੀ.ਸੀ. ਅੱਜ ਬੱਚਿਆਂ ਵਾਂਗ ਆਪਣਾ ਕੰਨ ਫੜ ਕੇ ਖੜ੍ਹਾ ਸੀ।

ਹਰਪਾਲ ਥੋੜ੍ਹਾ ਝੇਂਪਦਿਆਂ ਬੋਲਿਆ, **"ਬੇਬੇ... ਛੱਡ ਦੇ, ਅਫ਼ਸਰ ਬੈਠੇ ਨੇ, ਮੇਰੀ ਬੇਇੱਜ਼ਤੀ ਨਾ ਕਰ।"**

**"ਕਾਹਦੀ ਬੇਇੱਜ਼ਤੀ?"** ਬੇਬੇ ਨੇ ਕੰਨ ਛੱਡਦਿਆਂ ਉਸਦੀ ਪਿੱਠ 'ਤੇ ਇੱਕ ਹਲਕੀ ਜਿਹੀ ਧੌਲ ਮਾਰੀ, **"ਮਾਂ ਤੋਂ ਝਿੜਕ ਖਾਣ 'ਚ ਕਾਹਦੀ ਸ਼ਰਮ? ਜੇ ਤੂੰ ਪ੍ਰਧਾਨ ਮੰਤਰੀ ਵੀ ਬਣ ਜਾਵੇਂ, ਰਹੇਂਗਾ ਤਾਂ ਮੇਰਾ ਪੁੱਤ ਹੀ। ਚੱਲ ਆ ਅੰਦਰ!"**

ਹਰਪਾਲ ਚੁੱਪ-ਚਾਪ ਸਿਰ ਸੁੱਟ ਕੇ ਰਸੋਈ ਵੱਲ ਤੁਰ ਪਿਆ। ਬਾਹਰ ਬੈਠੇ ਅਫ਼ਸਰ ਹੈਰਾਨ ਸਨ। ਕੁਝ ਦੇ ਚਿਹਰਿਆਂ 'ਤੇ ਮੁਸਕਾਨ ਆ ਗਈ, ਪਰ ਪੀ.ਏ. ਸ਼ਰਮਾ ਜੀ ਚੁੱਪ-ਚਾਪ ਆਪਣੀਆਂ ਐਨਕਾਂ ਉਤਾਰ ਕੇ ਰੁਮਾਲ ਨਾਲ ਅੱਖਾਂ ਪੂੰਝ ਰਹੇ ਸਨ।

ਰੋਟੀ ਖਾਣ ਤੋਂ ਬਾਅਦ ਜਦੋਂ ਹਰਪਾਲ ਵਾਪਸ ਵਿਹੜੇ ਵਿੱਚ ਆਇਆ ਤਾਂ ਉਸਨੇ ਸ਼ਰਮਾ ਜੀ ਨੂੰ ਉਦਾਸ ਵੇਖਿਆ। ਹਰਪਾਲ ਨੇ ਮਜ਼ਾਕ ਕਰਦਿਆਂ ਕਿਹਾ, **"ਸ਼ਰਮਾ ਜੀ, ਕੀ ਗੱਲ? ਕੰਨ ਮੇਰਾ ਮਰੋੜਿਆ ਗਿਆ ਐ, ਤੇ ਹੰਝੂ ਤੁਹਾਡੀਆਂ ਅੱਖਾਂ ਵਿੱਚ ਆ ਰਹੇ ਨੇ?"**

ਸ਼ਰਮਾ ਜੀ ਨੇ ਡੂੰਘਾ ਸਾਹ ਲਿਆ ਅਤੇ ਭਰੇ ਹੋਏ ਗਲੇ ਨਾਲ ਬੋਲੇ, **"ਸਰ, ਤੁਸੀਂ ਦੁਨੀਆ ਦੇ ਸਭ ਤੋਂ ਖੁਸ਼ਕਿਸਮਤ ਇਨਸਾਨ ਹੋ। ਮੈਂ ਤਾਂ ਆਪਣੀ ਮਾਂ ਨੂੰ ਦਸ ਸਾਲ ਪਹਿਲਾਂ ਗੁਆ ਚੁੱਕਾ ਹਾਂ। ਅੱਜ ਜਦੋਂ ਬੇਬੇ ਜੀ ਨੇ ਤੁਹਾਡਾ ਕੰਨ ਫੜਿਆ, ਤਾਂ ਮੈਨੂੰ ਲੱਗਿਆ ਜਿਵੇਂ ਰੱਬ ਨੇ ਆਪ ਆ ਕੇ ਤੁਹਾਨੂੰ ਅਸੀਸ ਦਿੱਤੀ ਹੋਵੇ।"

ਹਰਪਾਲ ਦੇ ਚਿਹਰੇ ਤੋਂ ਮੁਸਕਾਨ ਗਾਇਬ ਹੋ ਗਈ। ਉਹ ਗੰਭੀਰਤਾ ਨਾਲ ਸ਼ਰਮਾ ਜੀ ਦੀ ਗੱਲ ਸੁਣਨ ਲੱਗਾ।

ਸ਼ਰਮਾ ਜੀ ਨੇ ਅੱਗੇ ਕਿਹਾ, **"ਜਦੋਂ ਬੰਦਾ ਵੱਡਾ ਹੋ ਜਾਂਦਾ ਹੈ, ਤਾਂ ਲੋਕ ਉਸਦੀ ਤਾਕਤ ਤੋਂ ਡਰਦੇ ਨੇ, ਜੀ-ਹਜ਼ੂਰੀ ਕਰਦੇ ਨੇ। ਪਰ ਮਾਂ ਹੀ ਇੱਕ ਅਜਿਹੀ ਹਸਤੀ ਹੈ, ਜੋ ਤੁਹਾਡੀ ਕੁਰਸੀ ਨਹੀਂ, ਤੁਹਾਡਾ ਬਚਪਨ ਵੇਖਦੀ ਹੈ। ਸਰ, ਮੈਂ ਆਪਣੀ ਸਾਰੀ ਦੌਲਤ, ਸਾਰੀ ਤਰੱਕੀ ਛੱਡਣ ਨੂੰ ਤਿਆਰ ਹਾਂ, ਜੇਕਰ ਇੱਕ ਵਾਰ ਫੇਰ ਮੇਰੀ ਮਾਂ ਆ ਕੇ ਮੇਰਾ ਕੰਨ ਫੜ ਲਵੇ ਅਤੇ ਮੈਨੂੰ ਆਪਣੇ ਹੱਥਾਂ ਨਾਲ ਰੋਟੀ ਖੁਆ ਦੇਵੇ।"**

ਇਹ ਸੁਣ ਕੇ ਹਰਪਾਲ ਦਾ ਗਲਾ ਵੀ ਭਰ ਆਇਆ। ਉਸਨੂੰ ਅਹਿਸਾਸ ਹੋਇਆ ਕਿ ਜਿਸਨੂੰ ਉਹ ਆਪਣੀ 'ਬੇਇੱਜ਼ਤੀ' ਸਮਝ ਰਿਹਾ ਸੀ, ਉਹ ਅਸਲ ਵਿੱਚ ਦੁਨੀਆ ਦੀ ਸਭ ਤੋਂ ਮਹਿੰਗੀ ਦਾਤ ਸੀ।

ਉਹ ਬਿਨਾਂ ਕੁਝ ਕਹੇ ਵਾਪਸ ਰਸੋਈ ਵੱਲ ਗਿਆ ਅਤੇ ਚੁੱਲ੍ਹੇ ਕੋਲ ਬੈਠੀ ਬੇਬੇ ਦੇ ਗਲ ਲੱਗ ਗਿਆ। ਬੇਬੇ ਨੇ ਹੈਰਾਨ ਹੁੰਦਿਆਂ ਪੁੱਛਿਆ, "ਕੀ ਹੋਇਆ? ਸਵਾਦ ਨਹੀਂ ਲੱਗਿਆ ਸਾਗ?"

ਹਰਪਾਲ ਨੇ ਆਪਣੀਆਂ ਨਮ ਅੱਖਾਂ ਲੁਕਾਉਂਦਿਆਂ ਹੱਸ ਕੇ ਕਿਹਾ, ਨਹੀਂ ਬੇਬੇ, ਸਾਗ ਤਾਂ ਸਵਾਦ ਸੀ, ਪਰ ਤੇਰੀ ਝਿੜਕ ਦਾ ਸਵਾਦ ਦੁਨੀਆ ਦੇ ਹਰ ਪਕਵਾਨ ਤੋਂ ਮਿੱਠਾ ਐ। ਮੈਨੂੰ ਰੋਜ਼ ਇੱਦਾਂ ਹੀ ਝਿੜਕ ਦਿਆ ਕਰ।"

**ਜ਼ਿੰਦਗੀ ਦਾ ਸੱਚ:**

ਮਾਪਿਆਂ ਦੀਆਂ ਝਿੜਕਾਂ, ਉਨ੍ਹਾਂ ਦਾ ਗੁੱਸਾ ਅਤੇ ਉਨ੍ਹਾਂ ਦੀ ਰੋਕ-ਟੋਕ, ਅਸਲ ਵਿੱਚ ਉਨ੍ਹਾਂ ਦੀਆਂ ਅਸੀਸਾਂ ਦਾ ਹੀ ਇੱਕ ਰੂਪ ਹੁੰਦੇ ਹਨ। ਜਿਸ ਵਿਹੜੇ ਵਿੱਚ ਬਜ਼ੁਰਗਾਂ ਦੀ ਡਾਂਟ ਗੂੰਜਦੀ ਹੈ, ਉਹ ਵਿਹੜਾ ਹਮੇਸ਼ਾ ਰੱਬ ਦੀ ਰਹਿਮਤ ਨਾਲ ਭਰਿਆ ਰਹਿੰਦਾ ਹੈ। ਬਦਕਿਸਮਤ ਹੁੰਦੇ ਹਨ ਉਹ, ਜਿਨ੍ਹਾਂ ਦੇ ਸਿਰ 'ਤੇ ਡਾਂਟਣ ਵਾਲਾ ਇਹ ਛੱਤਰ ਨਹੀਂ ਰਹਿੰਦਾ।

CANADIAN TRUCK TRAINING CENTRE



ਤਸੱਲੀਬਖਸ਼ ਸੇਵਾਵਾਂ ਲਈ
ਹਰਪਾਲ ਸਿੰਘ ਮਾਨ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ
Approved private career college,
Training Classes for Air Brakes,
Dangerous Goods & Log Book
7270 Torbram Road, Unit 2 & 3
Mississauga (Torbram & Drew)
905-673-7200
416-294-1662

# ਅੱਧੀ ਟਿਕਟ ਵਾਲਾ ਮੁਸਾਫ਼ਿਰ



ਅੰਮ੍ਰਿਤਸਰ ਤੋਂ ਨੰਦੇੜ ਜਾਣ ਵਾਲੀ ਰੇਲਗੱਡੀ। ਰਾਤ ਦਾ ਸਫ਼ਰ ਸੀ ਅਤੇ ਡੱਬੇ ਵਿੱਚ ਕਾਫ਼ੀ ਭੀੜ ਸੀ। ਖਿੜਕੀ ਵਾਲੀ ਸੀਟ 'ਤੇ ਇੱਕ ਬਜ਼ੁਰਗ ਬਾਪੂ ਜੀ ਬੈਠੇ ਸਨ। ਉਹਨਾਂ ਨੇ ਆਪਣੇ ਸਾਹਮਣੇ ਵਾਲੀ ਖਾਲੀ ਸੀਟ 'ਤੇ ਬੱਚਿਆਂ ਦੇ ਛੋਟੇ ਜਿਹੇ ਪੁਰਾਣੇ ਬੂਟਾਂ ਦਾ ਇੱਕ ਜੋੜਾ ਅਤੇ ਇੱਕ ਨਿੱਕਾ ਜਿਹਾ ਲੱਕੜ ਦਾ ਟਰੈਕਟਰ ਰੱਖਿਆ ਹੋਇਆ ਸੀ।

ਟੀ.ਟੀ.ਈ (TTE) ਟਿਕਟਾਂ ਚੈੱਕ ਕਰਦਾ ਹੋਇਆ ਆਇਆ ਤੇ ਕਹਿਣ ਲੱਗਾ,

"ਬਾਪੂ ਜੀ, ਇਹ ਬੂਟ ਤੇ ਖਿਡੌਣਾ ਆਪਣੇ ਝੋਲੇ 'ਚ ਪਾ ਲਵੋ, ਟਰੇਨ 'ਚ ਭੀੜ ਬਹੁਤ ਹੈ, ਇੱਥੇ ਕੋਈ ਹੋਰ ਸਵਾਰੀ ਬੈਠ ਜਾਵੇਗੀ।"

ਬਾਪੂ ਜੀ ਨੇ ਬੜੇ ਸ਼ਾਂਤ ਸੁਭਾਅ ਨਾਲ ਆਪਣੀ ਜੇਬ 'ਚੋਂ ਦੋ ਟਿਕਟਾਂ ਕੱਢ ਕੇ ਫੜਾ ਦਿੱਤੀਆਂ,

"ਪੁੱਤਰ, ਮੈਂ ਬੱਚੇ ਦੀ ਅੱਧੀ ਟਿਕਟ ਵੀ ਲਈ ਹੈ... ਇਹ ਸਾਮਾਨ ਇੱਥੇ ਹੀ ਰਹੇਗਾ।"

ਟੀ.ਟੀ.ਈ ਹੈਰਾਨ ਤਾਂ ਹੋਇਆ, ਪਰ ਟਿਕਟ ਦੇਖ ਕੇ ਅੱਗੇ ਲੰਘ ਗਿਆ। ਪਰ ਉਸਦੀ ਨਜ਼ਰ ਵਾਰ-ਵਾਰ ਉਸ ਬਜ਼ੁਰਗ ਅਤੇ ਉਸ ਛੋਟੇ ਜਿਹੇ ਸਾਮਾਨ 'ਤੇ ਪੈਂਦੀ ਰਹੀ।

ਕੁਝ ਦੇਰ ਬਾਅਦ ਜਦੋਂ ਡੱਬੇ ਵਿੱਚ ਥੋੜ੍ਹੀ ਸ਼ਾਂਤੀ ਛਾ ਗਈ, ਟੀ.ਟੀ.ਈ ਤੋਂ ਰਿਹਾ ਨਾ ਗਿਆ ਤੇ ਉਹ ਬਾਪੂ ਜੀ ਕੋਲ ਆ ਕੇ ਬੈਠ ਗਿਆ,

"ਬਾਪੂ ਜੀ, ਬੁਰਾ ਨਾ ਮਨਾਇਓ, ਪਰ ਇਸ ਪੁਰਾਣੇ ਖਿਡੌਣੇ ਤੇ ਬੂਟਾਂ 'ਚ ਐਸਾ ਕੀ ਹੈ ਕਿ ਤੁਸੀਂ ਇਹਨਾਂ ਲਈ ਵੀ ਟਿਕਟ ਲੈ ਲਈ?"

ਬਾਪੂ ਜੀ ਨੇ ਭਰੇ ਹੋਏ ਗਲੇ ਨਾਲ ਖਿਡੌਣੇ ਨੂੰ ਹੱਥ ਲਾਇਆ ਤੇ ਹੌਲੀ ਜਿਹੀ ਬੋਲੇ,

"ਪੁੱਤ, ਇਹ ਮੇਰੇ ਸੱਤ ਸਾਲਾਂ ਦੇ ਪੋਤੇ ਦੀਆਂ ਨਿਸ਼ਾਨੀਆਂ ਨੇ। ਚਾਰ ਸਾਲ ਪਹਿਲਾਂ ਪਿੰਡ ਦੇ ਛੱਪੜ 'ਚ ਨਹਾਉਂਦਾ ਉਹ ਡੁੱਬ ਗਿਆ ਸੀ। ਉਹ ਹਮੇਸ਼ਾ ਕਹਿੰਦਾ ਹੁੰਦਾ ਸੀ ਕਿ ਦਾਦਾ ਜੀ ਮੈਨੂੰ ਵੀ ਗੱਡੀ 'ਚ ਬਿਠਾ ਕੇ ਤੀਰਥਾਂ 'ਤੇ ਲੈ ਕੇ ਜਾਇਓ। ਮੈਂ ਉਸਨੂੰ ਵਾਅਦਾ ਕੀਤਾ ਸੀ। ਉਸਦੇ ਜਾਣ ਤੋਂ ਬਾਅਦ ਮੈਂ ਜਦੋਂ ਵੀ ਕਿਤੇ ਜਾਨਾਂ, ਉਸਦੀ ਇਹ ਆਖਰੀ ਨਿਸ਼ਾਨੀ ਨਾਲ ਲੈ ਕੇ ਜਾਨਾਂ ਤੇ ਉਸਦੀ ਟਿਕਟ ਵੀ ਜ਼ਰੂਰ ਕਟਵਾਉਂਦਾ ਹਾਂ... ਮੈਨੂੰ ਲੱਗਦਾ ਹੈ ਜਿਵੇਂ ਉਹ ਮੇਰੇ ਸਾਹਮਣੇ ਬੈਠਾ ਮੈਨੂੰ ਵੇਖ ਰਿਹਾ ਹੋਵੇ।"

ਟੀ.ਟੀ.ਈ ਦੀਆਂ ਅੱਖਾਂ ਨਮ ਹੋ ਗਈਆਂ। ਉਹ ਬਿਨਾਂ ਕੁਝ ਕਹੇ ਉੱਥੋਂ ਉੱਠ ਗਿਆ। ਰਾਤ ਦੇ ਹਨੇਰੇ ਵਿੱਚ ਰੇਲਗੱਡੀ ਆਪਣੀ ਮੰਜ਼ਿਲ ਵੱਲ ਵਧਦੀ ਰਹੀ।

ਸਵੇਰ ਹੋਈ, ਰੇਲਗੱਡੀ ਨੰਦੇੜ ਸਟੇਸ਼ਨ 'ਤੇ ਆ ਕੇ ਰੁਕੀ। ਸਾਰੀਆਂ ਸਵਾਰੀਆਂ ਉੱਤਰ ਗਈਆਂ, ਪਰ ਬਾਪੂ ਜੀ ਖਿੜਕੀ ਨਾਲ ਸਿਰ ਲਾਈ ਉਸੇ ਤਰ੍ਹਾਂ ਬੈਠੇ ਰਹੇ।

ਟੀ.ਟੀ.ਈ ਨੇ ਆ ਕੇ ਆਵਾਜ਼ ਦਿੱਤੀ,

"ਬਾਪੂ ਜੀ, ਨੰਦੇੜ ਆ ਗਿਆ... ਉੱਠੋ।"

ਜਦੋਂ ਉਸਨੇ ਬਾਪੂ ਜੀ ਦੇ ਮੋਢੇ ਨੂੰ ਹਿਲਾਇਆ ਤਾਂ ਪਤਾ ਲੱਗਾ ਕਿ ਬਾਪੂ ਜੀ ਦੇ ਸਾਹ ਰੁਕ ਚੁੱਕੇ ਸਨ। ਉਹਨਾਂ ਦੇ ਚਿਹਰੇ 'ਤੇ ਇੱਕ ਅਜੀਬ ਜਿਹਾ ਸਕੂਨ ਸੀ ਅਤੇ ਉਹਨਾਂ ਦੇ ਹੱਥਾਂ ਨੇ ਉਹਨਾਂ ਛੋਟੇ ਬੂਟਾਂ ਨੂੰ ਆਪਣੇ ਸੀਨੇ ਨਾਲ ਘੁੱਟ ਕੇ ਫੜਿਆ ਹੋਇਆ ਸੀ, ਜਿਵੇਂ ਆਖਰੀ ਵਾਰ ਆਪਣੇ ਪੋਤੇ ਨੂੰ ਗਲਵਕੜੀ ਪਾਈ ਹੋਵੇ।

ਕੁਝ ਘੰਟਿਆਂ ਬਾਅਦ, ਜਦੋਂ ਰੇਲਵੇ ਪੁਲਿਸ ਅਤੇ ਸਮਾਜ ਸੇਵੀ ਸੰਸਥਾ ਵਾਲੇ ਬਾਪੂ ਜੀ ਦੀ ਦੇਹ ਨੂੰ ਲਿਜਾਣ ਲੱਗੇ, ਤਾਂ ਟੀ.ਟੀ.ਈ ਨੇ ਆਪਣੇ ਹੱਥੀਂ ਉਹ ਛੋਟੇ ਬੂਟ ਅਤੇ ਖਿਡੌਣਾ ਬਾਪੂ ਜੀ ਦੀ ਛਾਤੀ ਨਾਲ ਬੰਨ੍ਹ ਦਿੱਤਾ।

ਉਸਨੇ ਡੁਲ੍ਹਦੇ ਅੱਥਰੂਆਂ ਨਾਲ ਪੁਲਿਸ ਵਾਲਿਆਂ ਨੂੰ ਕਿਹਾ,

"ਭਰਾਵੋ, ਜਦੋਂ ਇਹਨਾਂ ਦਾ ਸੰਸਕਾਰ ਕਰੋ ਤਾਂ ਇਹ ਬੂਟ ਤੇ ਖਿਡੌਣਾ ਇਹਨਾਂ ਦੇ ਨਾਲ ਹੀ ਰੱਖਿਓ... ਨਹੀਂ ਤਾਂ ਉੱਪਰ ਜਾ ਕੇ ਇਹ ਰੂਹ ਮੈਨੂੰ ਪੁੱਛੇਗੀ ਕਿ ਪੁੱਤ, ਜੇ ਮੇਰੇ ਪੋਤੇ ਨੂੰ ਮੇਰੇ ਨਾਲ ਨਹੀਂ ਸੀ ਰਹਿਣ ਦੇਣਾ, ਤਾਂ ਫਿਰ ਮੇਰੇ ਕੋਲੋਂ ਉਸਦੀ ਅੱਧੀ ਟਿਕਟ ਕਿਉਂ ਕੱਟੀ ਸੀ...!"

ਖਾਲੀ ਹੋ ਚੁੱਕੇ ਡੱਬੇ ਵਿੱਚ ਖੜ੍ਹਾ ਉਹ ਟੀ.ਟੀ.ਈ ਬਹੁਤ ਦੇਰ ਤੱਕ ਉਸ ਖਾਲੀ ਸੀਟ ਵੱਲ ਦੇਖਦਾ ਰਿਹਾ, ਜਿੱਥੇ ਅਜੇ ਵੀ ਦਾਦੇ ਅਤੇ ਪੋਤੇ ਦੀਆਂ ਦੋ ਟਿਕਟਾਂ ਦਾ ਸਫ਼ਰ ਮੁਕੰਮਲ ਹੋਇਆ ਸੀ।


UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

### ਪੰਥਕ ਮੁਹਾਜ਼

# 'ਆਪ' ਵਿਧਾਇਕਾਂ ਦੀ ਸਿਆਸੀ ਸੂਝ ਹੋਈ ਫ਼ਿਊਜ਼..!



ਚਰਨਜੀਤ ਭੁੱਲਰ




ਚੰਡੀਗੜ੍ਹ : ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਤੇ ਅੱਜ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਏ 'ਆਪ' ਵਿਧਾਇਕ ਤੇ ਵਜ਼ੀਰ ਬੌਧਿਕ ਸੂਝ ਦੀ ਪ੍ਰੀਖਿਆ 'ਚ ਫ਼ੇਲ੍ਹ ਹੋ ਗਏ। ਸਿਆਸੀ ਤੌਰ 'ਤੇ 'ਆਪ' ਵਿਧਾਇਕ ਤੇ ਵਜ਼ੀਰ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਨਤਮਸਤਕ ਹੋ ਕੇ ਸਰਕਾਰ ਖ਼ਿਲਾਫ਼ ਬਣ ਰਹੇ ਜਨਤਿਕ ਬਿਰਤਾਂਤ ਨੂੰ ਮੋੜਾ ਦੇਣ 'ਚ ਜ਼ਰੂਰ ਸਫਲ ਹੋਏ ਹਨ ਪ੍ਰੰਤੂ ਇਕੱਤਰਤਾ 'ਚ ਬੌਧਿਕ ਮੁਹਾਜ਼ 'ਤੇ ਖ਼ਤਾ ਖਾ ਗਏ। ਵਿਰੋਧੀ ਧਿਰ ਦੇ ਆਗੂਆਂ ਨੇ ਪੰਜਾਬ ਵਿਧਾਨ ਸਭਾ 'ਚ ਬੋਲੇ ਜਾਣ ਦਾ ਸਮਾਂ ਨਾ ਦਿੱਤੇ ਜਾਣ ਦੀ ਗੱਲ ਅੱਜ ਧਾਰਮਿਕ ਮੰਚ ਤੋਂ ਆਖੀ। ਪੰਜਾਬ ਵਿਧਾਨ ਸਭਾ 'ਚ ਕਿਵੇਂ ਬਿਨਾਂ ਬਹਿਸ ਤੋਂ ਜਲਦਬਾਜ਼ੀ 'ਚ ਕਾਨੂੰਨ ਪਾਸ ਹੁੰਦੇ ਹਨ, ਇਸ ਦਾ ਝਲਕਾਰਾ ਅੱਜ ਸਿੰਘ ਸਾਹਿਬਾਨਾਂ ਦੇ ਅੱਗੇ ਬੈਠੇ ਵਿਧਾਇਕਾਂ ਦੇ ਜਵਾਬਾਂ ਤੋਂ ਦੇਖਣ ਨੂੰ ਮਿਲਿਆ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੱਖ ਰੱਖਿਆ ਕਿ ਉਨ੍ਹਾਂ ਵੱਲੋਂ 13 ਅਪਰੈਲ ਨੂੰ 'ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਬਿੱਲ ਪੇਸ਼ ਹੋਣ ਸਮੇਂ ਇਹ ਮਸ਼ਵਰਾ ਦਿੱਤਾ ਗਿਆ ਸੀ ਕਿ ਬਹਿਸ ਨੂੰ ਇੱਕ ਦਿਨ ਹੋਰ ਵਧਾ ਲਿਆ ਜਾਵੇ ਅਤੇ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਸੰਸਥਾਵਾਂ ਨਾਲ ਜ਼ਰੂਰ ਵਿਚਾਰ ਵਟਾਂਦਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੇਅਦਬੀ ਖ਼ਿਲਾਫ਼ ਕਾਨੂੰਨ ਦਾ ਮਸੌਦਾ ਪਹਿਲਾਂ ਨਹੀਂ ਦਿੱਤਾ ਗਿਆ। ਵਿਧਾਇਕ ਪਰਗਟ ਸਿੰਘ ਅਤੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 12 ਅਪਰੈਲ ਦੀ ਅੱਧੀ ਰਾਤ ਨੂੰ ਮਸੌਦਾ ਜਨਤਿਕ ਕੀਤਾ ਗਿਆ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਜਗਰੂਪ ਸਿੰਘ ਗਿੱਲ ਨੇ ਜਥੇਦਾਰ ਵੱਲੋਂ ਪੁੱਛੇ ਸਵਾਲ ਦੇ ਜੁਆਬ 'ਚ ਕਿਹਾ ਕਿ ਉਨ੍ਹਾਂ ਨੇ ਤਾਂ ਬਿੱਲ ਪੜ੍ਹਿਆ ਹੀ ਨਹੀਂ, ਪ੍ਰਵਾਨਗੀ ਦੇ ਦਿੱਤੀ ਸੀ।

ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਇਹ ਸਵਾਲ ਕਈ ਵਿਧਾਇਕਾਂ ਨੂੰ ਕੀਤਾ ਕਿ ਕੀ ਸੋਧ ਕਾਨੂੰਨ 'ਚ 'ਕਸਟੋਡੀਅਨ' ਸ਼ਬਦ ਹੈ, ਸਭ ਵਿਧਾਇਕ ਨਿਰਉੱਤਰ ਹੋ ਗਏ। ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਵੀ ਕਬੂਲ ਕੀਤਾ ਕਿ ਉਨ੍ਹਾਂ ਨੇ ਕਾਨੂੰਨ ਪੜ੍ਹਿਆ ਹੀ ਨਹੀਂ। 'ਕਸਟੋਡੀਅਨ' ਸ਼ਬਦ ਦਾ ਵਿਖਿਆਨ ਵੀ ਕਈ ਵਿਧਾਇਕ ਮੌਕੇ 'ਤੇ ਨਾ ਕਰ ਸਕੇ ਜਿਸ ਕਰਕੇ ਇੱਕ 'ਆਪ' ਵਿਧਾਇਕ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਤਨਜ਼ ਵੀ ਕੀਤਾ। ਦੇਖਿਆ ਜਾਵੇ ਤਾਂ ਵਿਧਾਨਕਾਰ ਦਾ ਮੁੱਢਲਾ ਕੰਮ ਕਾਨੂੰਨ ਬਣਾਉਣਾ ਹੁੰਦਾ ਹੈ ਤੇ ਵਿਧਾਇਕ ਹੀ ਅਸਲੀ ਕਾਰਗੁਜ਼ਾਰੀ ਵਿਧਾਨ ਸਭਾ ਵਿਚਲੇ ਕੰਮ ਤੋਂ ਹੀ ਮਾਪੀ ਜਾਂਦੀ ਹੈ। ਏਨੇ ਸੰਵੇਦਨ ਅਤੇ ਗੰਭੀਰ ਕਾਨੂੰਨ ਨੂੰ ਬਣਾਏ ਜਾਣ ਤੋਂ ਬਾਵਜੂਦ ਵੀ 'ਆਪ' ਵਿਧਾਇਕ ਇਸ ਦੀਆਂ ਮੱਦਾਂ ਤੋਂ ਅਨਜਾਣ ਸਨ।

**ਲਾਈਵ ਪ੍ਰਸਾਰਨ ਅਚਾਨਕ ਗ਼ਾਇਬ...**

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੇ ਲਾਈਵ ਪ੍ਰਸਾਰਨ 'ਚ ਪਏ ਵਿਘਨ ਨੂੰ ਲੈ ਕੇ ਵੀ ਸਰਕਾਰ 'ਤੇ ਉਂਗਲ ਉੱਠੀ। ਅੱਜ ਸਮੁੱਚੀ ਕਾਰਵਾਈ ਦਾ ਚੈਨਲਾਂ 'ਤੇ ਲਾਈਵ ਪ੍ਰਸਾਰਨ ਚੱਲ ਰਿਹਾ ਸੀ। ਜਦੋਂ 'ਆਪ' ਵਿਧਾਇਕ ਕਈ ਸਵਾਲਾਂ 'ਤੇ ਘਿਰਨ ਲੱਗੇ ਤਾਂ ਅਚਾਨਕ ਹੀ ਚੈਨਲਾਂ ਤੋਂ ਲਾਈਵ ਪ੍ਰਸਾਰਨ ਗ਼ਾਇਬ ਹੋ ਗਿਆ। ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਇਸ 'ਤੇ ਇਤਰਾਜ਼ ਵੀ ਕੀਤਾ। ਇਸ ਤੋਂ ਪਹਿਲਾਂ 'ਆਪ' ਵਿਧਾਇਕ ਇੰਦਰਬੀਰ ਸਿੰਘ ਨਿੱਜਰ ਨੇ ਜਥੇਦਾਰ ਨੂੰ ਅਪੀਲ ਕੀਤੀ ਕਿ ਮੁੱਦਾ ਸੰਵੇਦਨਸ਼ੀਲ ਹੈ, ਜਿਸ ਦਾ ਲਾਈਵ ਪ੍ਰਸਾਰਨ ਨਾ ਕੀਤਾ ਜਾਵੇ।

# ਰਾਜਾ ਵੜਿੰਗ ਦੀ ਕੁਰਸੀ ਬਚੀ

## ਚੰਨੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ



ਆਲ ਇੰਡੀਆ ਕਾਂਗਰਸ ਕਮੇਟੀ ਨੇ ਆਖ਼ਰਕਾਰ ਲੰਮੀ ਉਡੀਕ ਮਗਰੋਂ ਅੱਜ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਵਿੱਚ ਬਿਨਾਂ ਕੋਈ ਫੇਰਬਦਲ ਕੀਤੇ, ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚਾਰ ਪ੍ਰਮੁੱਖ ਕਮੇਟੀਆਂ ਦਾ ਐਲਾਨ ਕਰ ਦਿੱਤਾ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਾਲ ਹੁਣ ਤਿੰਨ ਵਰਕਿੰਗ ਪ੍ਰਧਾਨ ਕੰਮ ਕਰਨਗੇ, ਜਿਨ੍ਹਾਂ ਵਿੱਚ ਸੁਖਵਿੰਦਰ ਸਿੰਘ ਡੈਨੀ, ਰਾਜ ਕੁਮਾਰ ਵੇਰਕਾ ਅਤੇ ਸੰਗਤ ਸਿੰਘ ਗਿਲਜ਼ੀਆ ਦੇ ਨਾਮ ਸ਼ਾਮਲ ਹਨ। ਕਾਂਗਰਸ ਪ੍ਰਧਾਨ ਵੜਿੰਗ ਆਪਣੀ ਕੁਰਸੀ ਬਚਾਉਣ ਵਿੱਚ ਕਾਮਯਾਬ ਰਹੇ ਹਨ, ਪ੍ਰੰਤੂ ਖ਼ਾਸ ਗੱਲ ਇਹ ਹੈ ਕਿ ਸਭ ਤੋਂ ਅਹਿਮ ਚੋਣ ਪ੍ਰਚਾਰ ਕਮੇਟੀ ਦੀ ਵਾਗਡੋਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਦਿੱਤੀ ਗਈ ਹੈ।

ਕਾਂਗਰਸ ਹਾਈਕਮਾਂਡ ਨੇ ਪੰਜਾਬ ਚੋਣਾਂ ਤੋਂ ਪਹਿਲਾਂ ਕਿਸੇ ਅੰਦਰੂਨੀ ਕਲੇਸ਼ ਦੇ ਡਰੋਂ ਸਭ ਧੜਿਆਂ ਅਤੇ ਸੀਨੀਅਰ ਆਗੂਆਂ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਹੈ। ਜਾਤੀ ਅਤੇ ਵਰਗਾਂ ਵਿੱਚ ਤਵਾਜ਼ਨ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਦੱਸਣਯੋਗ ਹੈ ਕਿ ਕਾਂਗਰਸ ਹਾਈਕਮਾਂਡ ਨੇ ਹਿਮਾਚਲ ਪ੍ਰਦੇਸ਼ ਚੋਣਾਂ ਤੋਂ ਪਹਿਲਾਂ ਸੁਖਵਿੰਦਰ ਸਿੰਘ ਸੁੱਖੂ ਨੂੰ ਵੀ ਚੋਣ ਪ੍ਰਚਾਰ ਕਮੇਟੀ ਦਾ ਚੇਅਰਮੈਨ ਬਣਾਇਆ ਸੀ। ਪਾਰਟੀ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਵੱਲੋਂ ਜਾਰੀ ਬਿਆਨ ਅਨੁਸਾਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ
ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਹੀ ਰਹਿਣਗੇ।

ਚੋਣ ਪ੍ਰਚਾਰ ਕਮੇਟੀ ਦਾ ਚੇਅਰਮੈਨ ਚਰਨਜੀਤ ਸਿੰਘ ਚੰਨੀ ਨੂੰ ਲਾਇਆ ਗਿਆ ਹੈ ਅਤੇ ਇਸ ਅਹਿਮ ਕਮੇਟੀ ਦੀ ਚੇਅਰਮੈਨੀ ਇੱਕ ਦਲਿਤ ਚਿਹਰੇ ਨੂੰ ਸੌਂਪੀ ਗਈ ਹੈ, ਜਦੋਂ ਕਿ ਉਨ੍ਹਾਂ ਦੇ ਨਾਲ ਸਹਿ-ਚੇਅਰਮੈਨ ਰਾਣਾ ਗੁਰਜੀਤ ਸਿੰਘ, ਸੁਖਪਾਲ ਸਿੰਘ ਖਹਿਰਾ ਅਤੇ ਡਾ. ਧਰਮਵੀਰ ਗਾਂਧੀ ਨੂੰ ਲਾਇਆ ਗਿਆ ਹੈ। ਚੋਣ ਮੈਨੇਜਮੈਂਟ ਅਤੇ ਕੋਆਰਡੀਨੇਸ਼ਨ ਕਮੇਟੀ ਦੀ ਚੇਅਰਮੈਨੀ ਵਿਜੇ ਇੰਦਰ ਸਿੰਗਲਾ ਦੇ ਹਵਾਲੇ ਕੀਤੀ ਗਈ ਹੈ ਅਤੇ ਇਹ ਜ਼ਿੰਮੇਵਾਰੀ ਹਿੰਦੂ ਭਾਈਚਾਰੇ ਨੂੰ ਦਿੱਤੀ ਗਈ ਹੈ।

ਚੇਅਰਮੈਨ ਸਿੰਗਲਾ ਦੇ ਨਾਲ ਸਹਿ-ਚੇਅਰਮੈਨ ਵਜੋਂ ਸ੍ਰੀ ਓ ਪੀ ਸੋਨੀ, ਰਜ਼ੀਆ ਸੁਲਤਾਨਾ, ਕੁਲਜੀਤ ਸਿੰਘ ਨਾਗਰਾ, ਅੰਗਦ ਸਿੰਘ ਸੈਣੀ ਅਤੇ ਭਾਰਤ ਭੂਸ਼ਨ ਆਸ਼ੂ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ। ਕੋਰ ਕਮੇਟੀ ਦਾ ਚੇਅਰਮੈਨ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਾਇਆ ਗਿਆ ਹੈ, ਜਦੋਂ ਕਿ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਸੰਸਦ ਮੈਂਬਰ ਡਾ. ਅਮਰ ਸਿੰਘ ਹੋਣਗੇ। ਮੈਨੀਫੈਸਟੋ ਕਮੇਟੀ ਵਿੱਚ ਸਹਿ-ਚੇਅਰਮੈਨ ਵਜੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਪਰਗਟ ਸਿੰਘ, ਹਰਦਿਆਲ ਸਿੰਘ ਕੰਬੋਜ ਅਤੇ ਸੁਖਬਿੰਦਰ ਸਿੰਘ ਸਰਕਾਰੀਆ ਨੂੰ ਸ਼ਾਮਲ ਕੀਤਾ ਗਿਆ ਹੈ।

# 'ਬਿਨਾਂ ਪੜ੍ਹੇ ਬੇਅਦਬੀ ਕਾਨੂੰਨ 'ਤੇ ਕੀਤੇ ਹਸਤਾਖਰ'

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ੀ ਦੌਰਾਨ 'ਆਪ' ਵਿਧਾਇਕਾਂ ਨੇ ਕਬੂਲਿਆ

ਪੰਜਾਬ ਵਿਚ 'ਆਪ' ਸਰਕਾਰ ਨੇ ਬਣਾਏ ਗਏ ਬੇਅਦਬੀ ਕਾਨੂੰਨ ਨੂੰ ਲੈ ਕੇ ਸ੍ਰੀ ਅਕਾਲ ਤਖਤ ਵਿਚ ਸੁਣਵਾਈ ਸ਼ੁਰੂ ਹੋ ਗਈ ਹੈ। ਅਕਾਲ ਤਖਤ ਨੇ ਸਾਰੇ ਮੰਤਰੀਆਂ ਤੇ ਵਿਧਾਇਕਾਂ ਨੂੰ ਆਪ ਸਰਕਾਰ ਦੇ ਬੇਅਦਬੀ ਦੇ ਖਿਲਾਫ ਬਣਾਏ ਗਏ ਕਾਨੂੰਨ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026 'ਤੇ ਜਵਾਬ ਮੰਗਿਆ ਹੈ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸਾਰੇ ਸਿੱਖ ਵਿਧਾਇਕ ਤੇ ਮੰਤਰੀ ਨੰਗੇ ਪੈਰ ਸ੍ਰੀ ਅਕਾਲ ਤਖਤ ਸਾਹਿਬ ਪਹੁੰਚੇ। ਉਨ੍ਹਾਂ ਦੇ ਹੱਥ ਵਿਚ ਲਿਖਤ ਸਪੱਸ਼ਟੀਕਰਨ ਵੀ ਫੜਿਆ ਹੋਇਆ ਸੀ। ਸ੍ਰੀ ਅਕਾਲ ਤਖਤ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਰਕਾਰ ਆਪਣੇ ਕਾਨੂੰਨ ਬਣਾਏ, ਅਕਾਲ ਤਖਤ ਨੂੰ ਕੋਈ ਇਤਰਾਜ਼ ਨਹੀਂ ਪਰ ਸਿੱਖਾਂ ਲਈ ਕੋਈ ਕਾਨੂੰਨ ਬਣੇ ਤਾਂ ਉਸ ਵਿਚ ਸਿੱਖਾਂ ਦੀ ਰਾਏ ਲੈਣੀ ਚਾਹੀਦੀ ਹੈ। ਉਸ ਕਾਨੂੰਨ ਵਿਚ ਸੋਧ ਕਰਨੀ ਸੀ ਤਾਂ ਸਾਨੂੰ ਵੀ ਬੁਲਾਉਂਦੇ। ਕਾਨੂੰਨ ਵਿਚ ਜੋ ਸੋਧ ਕੀਤੀ ਹੈ, ਉਸ ਲਈ ਕੀ ਸ਼੍ਰੋਮਣੀ ਕਮੇਟੀ ਤੋਂ ਕੋਈ ਰਾਏ ਲਈ? ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸੱਚ ਦਾ ਤਖ਼ਤ ਹੈ। ਇਹ ਸਾਰਿਆਂ ਦਾ ਪੱਖ ਸੁਣਨ ਵਾਲਾ ਤਖ਼ਤ ਹੈ। ਅਸੀਂ ਜੋ ਕਹਿਣਾ ਸੱਚ ਕਹਿਣਾ ਹੈ। ਰਾਜਨੀਤੀ ਧਰਮ ਮੁਤਾਬਕ ਹੋਵੇ ਤਾਂ ਇਨਸਾਫ਼ ਹੁੰਦਾ ਹੈ। ਦੂਜੇ ਪਾਸੇ ਖੇਤੀਬਾੜੀ ਮੰਤਰੀ ਗੁਰਮੀਤ ਖੁੱਡੀਆਂ ਕੋਈ ਸਪੱਸ਼ਟ ਗੱਲ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਬਿੱਲ ਬਣਾਉਣ ਵਾਸਤੇ ਸਾਰਿਆਂ ਨੇ ਛੇਤੀ ਕੀਤੀ ਸੀ। ਜੇ ਬਿੱਲ ਨੂੰ ਲੈ ਕੇ ਕੋਈ ਦਿੱਕਤ ਹੈ ਤਾਂ ਤੁਸੀਂ ਹੁਕਮ ਕਰ ਦਿਓਗੇ, ਅਸੀਂ ਉਸ ਹਿਸਾਬ ਮੁਤਾਬਕ ਨਾਲ ਵਿਚਾਰ-ਵਟਾਂਦਰਾ ਕਰ ਲਿਆਂਗੇ। ਕਾਂਗਰਸ ਵਿਧਾਇਕ ਪ੍ਰਤਾਪ ਬਾਜਵਾ ਨੇ ਕਿਹਾ ਕਿ ਮੈਂ ਇਸ ਬਾਰੇ ਸਦਨ ਵਿਚ ਮੰਗ ਚੁੱਕੀ ਸੀ। ਸਪੀਕਰ ਨੇ ਨਹੀਂ ਮੰਨੀ। 'ਆਪ' ਵਿਧਾਇਕ ਜਗਰੂਪ ਸਿੰਘ ਨੇ ਕਿਹਾ ਕਿ ਕਾਨੂੰਨ ਨੂੰ ਸਹਿਮਤੀ ਦਿੱਤੀ ਪਰ ਪੜ੍ਹਿਆ ਨਹੀਂ। ਅਕਾਲੀ ਵਿਧਾਇਕ ਗਨੀਵ ਕੌਰ ਨੇ ਕਿਹਾ ਕਿ 'ਆਪ' ਬੋਲਣ 'ਤੇ ਬੇਇਜ਼ਤੀ ਕਰਦੇ ਹਨ।



## ਅਮਰਨਾਥ ਯਾਤਰਾ ਤੋਂ ਪਰਤ ਰਹੇ ਸ਼ਰਧਾਲੂਆਂ ਦੀ ਟੂਰਿਸਟ ਵੈਨ ਹਾਦਸੇ ਦਾ ਸ਼ਿਕਾਰ, 4 ਦੀ ਮੌਤ

ਬਠਿੰਡਾ ਤੋਂ ਇਸ ਵੇਲੇ ਦੀ ਵੱਡੀ ਅਤੇ ਦੁਖਦਾਈ ਖ਼ਬਰ ਸਾਹਮਣੇ ਆ ਰਹੀ ਹੈ। ਬਠਿੰਡਾ ਦੇ ਜੋਧਪੁਰ ਰਮਾਣਾ ਅਤੇ ਸੰਗਤ ਦਰਮਿਆਨ ਅੱਜ ਤੜਕੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ ਜਿੱਥੇ ਇੱਕ ਟੂਰਿਸਟ ਵੈਨ ਅਤੇ ਇੱਕ ਟਰਾਲੇ ਵਿਚਾਲੇ ਜ਼ਬਰਦਸਤ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਪਿਕਅਪ ਡਾਲਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਮੁੱਢਲੀ ਜਾਣਕਾਰੀ ਮੁਤਾਬਕ ਇਸ ਦਰਦਨਾਕ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿਚ ਦੋ ਔਰਤਾਂ ਵੀ ਸ਼ਾਮਲ ਹਨ।

ਮੁੱਢਲੀ ਜਾਣਕਾਰੀ ਮੁਤਾਬਕ ਦੋਵੇਂ ਵਾਹਨ ਰਾਜਸਥਾਨ ਨੰਬਰ ਦੇ ਸਨ, ਇਨ੍ਹਾਂ ਵਿਚ 11 ਤੋਂ 12 ਲੋਕ ਅਮਰਨਾਥ ਯਾਤਰਾ ਤੋਂ ਪਰਤ ਰਹੇ ਸਨ। ਸਵੇਰੇ ਜਦੋਂ ਬਠਿੰਡਾ ਦੇ ਡੱਬਵਾਲੀ ਵਿਚ ਜੋਧਪੁਰ ਰਮਾਣਾ ਅਤੇ ਸੰਗਤ ਦੇ ਵਿਚਕਾਰ ਇਹ ਦਰਦਨਾਕ ਹਾਦਸਾ ਵਾਪਰ ਗਿਆ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਸਹਾਰਾ ਜਨ ਸੇਵਾ ਦੀ ਟੀਮ ਅਤੇ ਪੁਲਿਸ ਮੌਕੇ 'ਤੇ ਪਹੁੰਚ ਗਈ। ਰੈਸਕਿਊ ਆਪਰੇਸ਼ਨ ਚਲਾਕੇ ਵਾਹਨਾਂ ਵਿੱਚ ਫਸੇ ਵਿਅਕਤੀਆਂ ਨੂੰ ਬਾਹਰ ਕੱਢਿਆ ਗਿਆ। ਪਰ ਮੁੱਢਲੀ ਜਾਣਕਾਰੀ ਮੁਤਾਬਕ ਚਾਰੇ ਵਿਅਕਤੀ ਮੌਕੇ 'ਤੇ ਹੀ ਦਮ ਤੋੜ ਚੁੱਕੇ ਸਨ।

ਇਸ ਤੋਂ ਬਾਅਦ ਪੁਲਿਸ ਦੀ ਮੌਜੂਦਗੀ ਵਿੱਚ ਸਹਾਰਾ ਜਨ ਸੇਵਾ ਦੀ ਟੀਮ ਨੇ ਮ੍ਰਿਤਕਾਂ ਦੀਆਂ ਦੇਹਾਂ ਨੂੰ ਮੋਰਚਰੀ ਵਿੱਚ ਪਹੁੰਚਾਇਆ ਅਤੇ ਜਖਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ, ਜਿਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

# ਜੇ ਸਰਕਾਰ ਕੋਲ ਪੈਸਾ ਹੈ ਤਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਬਕਾਇਆ ਡੀਏ ਕਿਉਂ ਨਹੀਂ ਦੇ ਰਹੀ: ਸੁਖਜਿੰਦਰ ਰੰਧਾਵਾ



ਚੰਡੀਗੜ੍ਹ: ਸਾਬਕਾ ਉਪ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਦੇਣ ਦੀ ਪੰਜਾਬ ਸਰਕਾਰ ਦੀ ਯੋਜਨਾ 'ਤੇ ਸਵਾਲ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਪਿਛਲੇ ਸਾਢੇ ਚਾਰ ਸਾਲਾਂ ਦੀ "ਤੂੰ-ਤੂੰ" ਦਾ ਵੀ ਹਿਸਾਬ ਮੰਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਸਵਾਲ ਕੀਤਾ ਕਿ ਜੇਕਰ ਸਰਕਾਰ ਦੇ ਖ਼ਜ਼ਾਨੇ ਵਿੱਚ ਇੰਨਾ ਪੈਸਾ ਹੈ ਤਾਂ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਬਕਾਇਆ ਡੀਏ (ਮਹਿੰਗਾਈ ਭੱਤਾ) ਅਜੇ ਤੱਕ ਕਿਉਂ ਜਾਰੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਬਣਦਾ ਡੀਏ ਵੀ ਬਿਨਾਂ ਦੇਰੀ ਜਾਰੀ ਕਰਨਾ ਚਾਹੀਦਾ ਹੈ।

ਰੰਧਾਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੀ ਹਰ ਯੋਗ ਮਹਿਲਾ ਨੂੰ ਹਰ ਮਹੀਨੇ 1000 ਰੁਪਏ ਦੇਣ ਦੀ ਗਾਰੰਟੀ ਦਿੱਤੀ ਸੀ। ਫਿਰ ਇਸ ਨੂੰ ਲਾਗੂ ਕਰਨ ਲਈ 2027 ਦੀਆਂ ਚੋਣਾਂ ਤੋਂ ਠੀਕ ਪਹਿਲਾਂ ਤੱਕ ਇੰਤਜ਼ਾਰ ਕਿਉਂ ਕੀਤਾ ਗਿਆ? ਜੇਕਰ ਵਾਅਦਾ 2022 ਵਿੱਚ ਕੀਤਾ ਸੀ ਤਾਂ ਉਸ ਸਮੇਂ ਤੋਂ ਬਣਦਾ ਸਾਰਾ ਬਕਾਇਆ ਵੀ ਦਿੱਤਾ ਜਾਣਾ ਚਾਹੀਦਾ ਹੈ। ਪੰਜਾਬ ਦੀਆਂ ਮਾਵਾਂ ਅਤੇ ਭੈਣਾਂ ਕਿਸੇ ਸਿਆਸੀ ਅਹਿਸਾਨ ਦੀ ਨਹੀਂ, ਸਗੋਂ ਆਪਣੇ ਹੱਕ ਦੀਆਂ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਮਹਿਲਾਵਾਂ ਦਾ ਸਨਮਾਨ ਕਰਨਾ ਚਾਹੁੰਦੀ ਹੈ ਤਾਂ ਸਿਰਫ਼ ਚੋਣਾਂ ਤੋਂ ਪਹਿਲਾਂ ਯੋਜਨਾ ਲਾਗੂ ਕਰਨ ਦਾ ਐਲਾਨ ਕਰਨਾ ਕਾਫ਼ੀ ਨਹੀਂ ਹੈ। ਜਿਨ੍ਹਾਂ ਮਹਿਲਾਵਾਂ ਨਾਲ 2022 ਵਿੱਚ ਵਾਅਦਾ ਕੀਤਾ ਗਿਆ ਸੀ, ਉਨ੍ਹਾਂ ਨੂੰ ਉਸੇ ਸਮੇਂ ਤੋਂ ਉਨ੍ਹਾਂ ਦਾ ਹੱਕ ਮਿਲਣਾ ਚਾਹੀਦਾ ਸੀ। ਚੋਣੀ ਵਾਅਦਿਆਂ ਦਾ ਮਕਸਦ ਸਿਰਫ਼ ਵੋਟਾਂ ਹਾਸਲ ਕਰਨਾ ਨਹੀਂ, ਸਗੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਸਮੇਂ ਸਿਰ ਪੂਰਾ ਕਰਨਾ ਹੋਣਾ ਚਾਹੀਦਾ ਹੈ। ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਜਦੋਂ ਇਹ ਯੋਜਨਾ ਸਰਕਾਰ ਬਣਦੇ ਹੀ ਲਾਗੂ ਕੀਤੀ ਜਾ ਸਕਦੀ ਸੀ ਤਾਂ ਇਸ ਨੂੰ ਸਾਢੇ ਚਾਰ ਸਾਲ ਤੱਕ ਲਟਕਾ ਕੇ ਕਿਉਂ ਰੱਖਿਆ ਗਿਆ। ਸਰਕਾਰ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਇਸ ਦੇਰੀ ਦੀ ਜ਼ਿੰਮੇਵਾਰੀ ਕੌਣ ਲਵੇਗਾ। ਉਨ੍ਹਾਂ ਕਿਹਾ ਕਿ ਸਨਮਾਨ ਵੱਡੇ-ਵੱਡੇ ਇਸ਼ਤਿਹਾਰਾਂ, ਪ੍ਰਚਾਰ ਮੁਹਿੰਮਾਂ ਅਤੇ ਸਿਆਸੀ ਸਮਾਗਮਾਂ ਨਾਲ ਨਹੀਂ ਮਿਲਦਾ, ਸਗੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਸਮੇਂ ਸਿਰ ਅਤੇ ਪੂਰੀ ਇਮਾਨਦਾਰੀ ਨਾਲ ਨਿਭਾਉਣ ਨਾਲ ਮਿਲਦਾ ਹੈ। ਪੰਜਾਬ ਦੀਆਂ ਮਹਿਲਾਵਾਂ ਨੂੰ ਉਨ੍ਹਾਂ ਦਾ ਪੂਰਾ ਹੱਕ ਮਿਲਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਆਪਣੇ ਅਧੂਰੇ ਵਾਅਦਿਆਂ ਦਾ ਜਵਾਬ ਦੇਣਾ ਚਾਹੀਦਾ ਹੈ।

# ਪਾਵਰ ਪਲਾਂਟਾਂ ਦੇ ਪੂਰੀ ਸਮਰੱਥਾ 'ਤੇ ਚੱਲਣ ਦੇ ਬਾਵਜੂਦ ਪੰਜਾਬ 'ਚ ਬਿਜਲੀ ਸੰਕਟ



ਬਿਜਲੀ ਦੀ ਮੰਗ 17,150 ਮੈਗਾਵਾਟ ਦੇ ਸੀਜ਼ਨ ਦੇ ਉੱਚ ਪੱਧਰ 'ਤੇ ਪਹੁੰਚ ਗਈ ਹੈ ਜਿਸ ਨਾਲ ਖੇਤੀ ਪ੍ਰਧਾਨ ਸੂਬੇ ਦੇ ਕਈ ਹਿੱਸਿਆਂ ਵਿੱਚ ਝੋਨੇ ਦੀ ਲਵਾਈ ਅਤੇ ਸਿੰਚਾਈ ਪ੍ਰਭਾਵਿਤ ਹੋ ਰਹੀ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦੇ ਅੰਕੜਿਆਂ ਅਨੁਸਾਰ ਵਧਦੀ ਮੰਗ ਨੂੰ ਪੂਰਾ ਕਰਨ ਲਈ ਸੂਬੇ ਦੇ ਲਗਪਗ ਸਾਰੇ ਥਰਮਲ ਅਤੇ ਹਾਈਡਲ ਪਾਵਰ ਪਲਾਂਟ ਲਗਭਗ ਪੂਰੀ ਸਮਰੱਥਾ 'ਤੇ ਚੱਲ ਰਹੇ ਸਨ।

ਰੋਪੜ ਥਰਮਲ ਪਲਾਂਟ ਦੀਆਂ ਚਾਰ ਇਕਾਈਆਂ ਨੇ 529 ਮੈਗਾਵਾਟ ਬਿਜਲੀ ਪੈਦਾ ਕੀਤੀ, ਜਦੋਂ ਕਿ ਲਹਿਰਾ ਮੁਹੱਬਤ ਵਿਖੇ ਤਿੰਨ ਚਾਲੂ ਇਕਾਈਆਂ ਨੇ 560 ਮੈਗਾਵਾਟ ਬਿਜਲੀ ਪੈਦਾ ਕੀਤੀ, ਜਦੋਂ ਕਿ ਇੱਕ ਇਕਾਈ ਬੰਦ ਰਹੀ। ਗੋਇੰਦਵਾਲ ਸਾਹਿਬ ਥਰਮਲ ਪਲਾਂਟ ਨੇ ਆਪਣੀਆਂ ਦੋ ਇਕਾਈਆਂ ਤੋਂ 490 ਮੈਗਾਵਾਟ ਬਿਜਲੀ ਪੈਦਾ ਕੀਤੀ।

ਨਿੱਜੀ ਪਲਾਂਟਾਂ ਵਿੱਚੋਂ ਰਾਜਪੁਰਾ ਥਰਮਲ ਪਲਾਂਟ ਨੇ 1,314 ਮੈਗਾਵਾਟ ਬਿਜਲੀ ਸਪਲਾਈ ਕੀਤੀ, ਜਦੋਂ ਕਿ ਸੂਬੇ ਦੇ ਸਭ ਤੋਂ ਵੱਡੇ ਤਲਵੰਡੀ ਸਾਬੋ ਥਰਮਲ ਪਲਾਂਟ ਨੇ ਤਿੰਨੋਂ ਇਕਾਈਆਂ ਤੋਂ 1,721 ਮੈਗਾਵਾਟ ਬਿਜਲੀ ਪੈਦਾ ਕੀਤੀ। ਮੰਗਲਵਾਰ ਸ਼ਾਮ ਨੂੰ ਹਾਈਡਲ ਪ੍ਰੋਜੈਕਟਾਂ ਨੇ 454 ਮੈਗਾਵਾਟ ਯੋਗਦਾਨ ਪਾਇਆ। ਪੰਜਾਬ ਸਰਕਾਰ ਦੇ ਮਾਲਕੀ ਵਾਲੇ ਥਰਮਲ, ਹਾਈਡਲ, ਸੋਲਰ ਅਤੇ ਨਵਿਆਉਣਯੋਗ ਪ੍ਰੋਜੈਕਟਾਂ ਤੋਂ ਬਿਜਲੀ ਉਤਪਾਦਨ ਕੁੱਲ ਮਿਲਾ ਕੇ ਲਗਪਗ 5,189 ਮੈਗਾਵਾਟ ਸੀ, ਜਿਸ ਕਾਰਨ ਸੂਬੇ ਨੂੰ ਕੇਂਦਰੀ ਬਿਜਲੀ ਪੂਲ 'ਤੇ ਭਾਰੀ ਨਿਰਭਰ ਰਹਿਣਾ ਪਿਆ।

ਮੰਗਲਵਾਰ ਸ਼ਾਮ 7:15 ਵਜੇ ਕੇਂਦਰੀ ਪੂਲ ਤੋਂ 10,618 ਮੈਗਾਵਾਟ ਬਿਜਲੀ ਲਈ ਜਾਣੀ ਤੈਅ ਸੀ, ਜਦੋਂ ਕਿ ਪੰਜਾਬ ਨੇ ਕੇਵਲ 9,703 ਮੈਗਾਵਾਟ ਬਿਜਲੀ ਹੀ ਲਈ। ਇਸ ਤਰ੍ਹਾਂ 915 ਮੈਗਾਵਾਟ ਦੀ ਕਮੀ ਸੀ ਅਤੇ ਕੁੱਲ ਲੋਡ 15,331 ਮੈਗਾਵਾਟ ਸੀ। ਕੇਂਦਰੀ ਪੂਲ ਤੋਂ ਬਿਜਲੀ ਦੀ ਘੱਟ ਖਪਤ ਉਪਭੋਗਤਾਵਾਂ ਨੂੰ ਬਿਜਲੀ ਦੀ ਘੱਟ ਸਪਲਾਈ ਦੇ ਕਾਰਨਾਂ ਵਿੱਚੋਂ ਇੱਕ ਹੋ ਸਕਦੀ ਹੈ। ਇਸ ਦੌਰਾਨ ਕਈ ਜ਼ਿਲ੍ਹਿਆਂ ਦੇ ਕਿਸਾਨਾਂ ਨੇ ਸ਼ਿਕਾਇਤ ਕੀਤੀ ਕਿ ਝੋਨੇ ਦੀ ਲਵਾਈ ਦੇ ਸੀਜ਼ਨ ਦੇ ਸਿਖਰ 'ਤੇ ਸਿੰਚਾਈ ਪ੍ਰਭਾਵਿਤ ਹੋਣ ਕਾਰਨ ਲੰਬੇ ਸਮੇਂ ਦੇ ਬਿਜਲੀ ਕੱਟ ਲੱਗ ਰਹੇ ਹਨ। ਵੱਖ-ਵੱਖ ਜ਼ਿਲ੍ਹਿਆਂ ਵਿੱਚ ਪੇਂਡੂ ਅਤੇ ਅਰਧ-ਸ਼ਹਿਰੀ ਘਰੇਲੂ ਉਪਭੋਗਤਾਵਾਂ ਦੇ ਨਾਲ-ਨਾਲ ਉਦਯੋਗਾਂ ਨੇ ਵੀ ਅਕਸਰ ਬਿਜਲੀ ਬੰਦ ਹੋਣ ਦੀ ਰਿਪੋਰਟ ਦਿੱਤੀ ਹੈ। ਹਾਲਾਂਕਿ ਪੀ.ਐੱਸ.ਪੀ.ਸੀ.ਐੱਲ. ਦੇ ਬੁਲਾਰੇ ਨੇ ਕਿਸੇ ਵੀ ਨਿਰਧਾਰਤ ਬਿਜਲੀ ਕੱਟ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਹੈ ਕਿ ਬਿਜਲੀ ਲਾਈਨਾਂ/ਟਰਾਂਸਫਾਰਮਰਾਂ 'ਤੇ ਓਵਰ-ਲੋਡ ਕਾਰਨ ਸਥਾਨਕ ਤਕਨੀਕੀ ਨੁਕਸ ਜਾਂ ਟ੍ਰਿਪਿੰਗ ਹੋ ਸਕਦੀ ਹੈ।

ਦੂਜੇ ਪਾਸੇ ਕਿਸਾਨਾਂ ਵੱਲੋਂ 17 ਜ਼ਿਲ੍ਹਿਆਂ ਵਿੱਚ 31 ਥਾਵਾਂ 'ਤੇ ਪੀ.ਐਸ.ਪੀ.ਸੀ.ਐਲ. ਦਫ਼ਤਰਾਂ ਦੇ ਬਾਹਰ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਨੇ ਬਿਜਲੀ ਦੀ ਨਾਕਾਫ਼ੀ ਸਪਲਾਈ, ਸਮਾਰਟ ਮੀਟਰ ਲਗਾਉਣ, ਖਰਾਬ ਟਰਾਂਸਫਾਰਮਰਾਂ ਅਤੇ ਬਿਜਲੀ ਸਹੂਲਤ ਦੇ ਕਥਿਤ ਨਿੱਜੀਕਰਨ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਝੋਨੇ ਦੇ ਸੀਜ਼ਨ ਦੌਰਾਨ ਖੇਤੀਬਾੜੀ ਟਿਊਬਵੈੱਲਾਂ ਲਈ 16 ਘੰਟੇ ਨਿਰਵਿਘਨ ਬਿਜਲੀ, ਚੌਵੀ ਘੰਟੇ ਘਰੇਲੂ ਸਪਲਾਈ, 24 ਘੰਟਿਆਂ ਦੇ ਅੰਦਰ ਖਰਾਬ ਟਰਾਂਸਫਾਰਮਰਾਂ ਨੂੰ ਬਦਲਣ, ਲਾਜ਼ਮੀ ਸਮਾਰਟ ਮੀਟਰ ਲਗਾਉਣ ਨੂੰ ਵਾਪਸ ਲੈਣ ਅਤੇ ਬਿਜਲੀ ਕਾਰਪੋਰੇਸ਼ਨ ਵਿੱਚ ਖਾਲੀ ਅਸਾਮੀਆਂ ਵਿਰੁੱਧ ਭਰਤੀ ਦੀ ਮੰਗ ਕੀਤੀ।

ਇਸ ਨੇ ਨਿੱਜੀ ਥਰਮਲ ਪਲਾਂਟਾਂ ਨਾਲ ਬਿਜਲੀ ਖਰੀਦ ਸਮਝੌਤਿਆਂ ਨੂੰ ਰੱਦ ਕਰਨ ਦੀ ਵੀ ਮੰਗ ਕੀਤੀ ਅਤੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਦੁਆਰਾ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਅੰਦੋਲਨ ਨੂੰ ਤੇਜ਼ ਕੀਤਾ ਜਾਵੇਗਾ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਖੇਤੀਬਾੜੀ ਫੀਡਰਾਂ ਨੂੰ ਅੱਠ ਘੰਟੇ ਦੇ ਵਾਅਦੇ ਦੀ ਬਜਾਏ ਰੋਜ਼ਾਨਾ ਸਿਰਫ਼ 2.5 ਤੋਂ 4 ਘੰਟੇ ਬਿਜਲੀ ਮਿਲ ਰਹੀ ਹੈ, ਜਿਸ ਕਾਰਨ ਕਿਸਾਨਾਂ ਨੂੰ ਆਪਣੇ ਖੇਤਾਂ ਦੀ ਸਿੰਚਾਈ ਕਰਨ ਲਈ ਡੀਜ਼ਲ ਜਨਰੇਟਰਾਂ 'ਤੇ ਭਾਰੀ ਖਰਚਾ ਕਰਨਾ ਪੈ ਰਿਹਾ ਹੈ। ਉਦਯੋਗਿਕ ਇਕਾਈਆਂ ਨੇ ਵੀ ਬਿਜਲੀ ਦੇ ਅਣਐਲਾਨੇ ਕੱਟਾਂ ਕਾਰਨ ਉਤਪਾਦਨ ਪ੍ਰਭਾਵਿਤ ਹੋਣ ਦੀ ਸ਼ਿਕਾਇਤ ਕੀਤੀ ਹੈ।

2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਨਾਲ, ਝੋਨੇ ਦੇ ਮਹੱਤਵਪੂਰਨ ਸੀਜ਼ਨ ਦੌਰਾਨ ਵਿਗੜ ਰਹੀ ਬਿਜਲੀ ਦੀ ਸਥਿਤੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲਈ ਇੱਕ ਵੱਡੀ 'ਸਿਆਸੀ ਚੁਣੌਤੀ' ਵਜੋਂ ਉਭਰਨ ਦੀ ਸੰਭਾਵਨਾ ਹੈ ਜੇ ਆਉਣ ਵਾਲੇ ਦਿਨਾਂ ਵਿੱਚ ਘਾਟ ਬਣੀ ਰਹਿੰਦੀ ਹੈ।

# ਮਾਣਹਾਨੀ ਮਾਮਲਾ: ਕੋਰਟ ਵੱਲੋਂ ਸਮੁੱਚੀ ਰਾਹਤ ਦੇਣ ਤੋਂ ਇਨਕਾਰ, ਸਿਰਫ਼ 5 ਪੋਸਟਾਂ ਹਟਾਉਣ ਦਾ ਹੁਕਮ



ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਕਥਿਤ ਤੌਰ 'ਤੇ ਮਾਣਹਾਨੀ ਵਾਲੀ ਔਨਲਾਈਨ ਸਮੱਗਰੀ ਨੂੰ ਹਟਾਉਣ ਅਤੇ ਉਨ੍ਹਾਂ ਦੇ ਸ਼ਖਸੀਅਤ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਕੋਈ ਬਲੈਂਕੇਟ ਅੰਤਰਿਮ ਹੁਕਮ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ, ਕੋਰਟ ਨੇ ਚੱਢਾ ਵੱਲੋਂ ਪਛਾਣੀਆਂ ਗਈਆਂ ਪੰਜ ਵਿਸ਼ੇਸ਼ ਪੋਸਟਾਂ ਨੂੰ ਹਟਾਉਣ ਦੇ ਹੁਕਮ ਦਿੱਤੇ ਹਨ। ਜਸਟਿਸ ਸੁਬਰਾਮਨੀਅਮ ਪ੍ਰਸਾਦ ਨੇ ਦੇਖਿਆ ਕਿ ਬਾਕੀ ਸਮੱਗਰੀ ਮਾਣਹਾਨੀ ਵਾਲੀ ਨਹੀਂ ਜਾਪਦੀ ਹੈ। ਕੋਰਟ ਨੇ ਕਿਹਾ, "ਮੈਂ ਪੰਜ ਦਸਤਾਵੇਜ਼ਾਂ ਨੂੰ ਹਟਾਉਣ ਦਾ ਹੁਕਮ ਦਿੱਤਾ ਹੈ। ਬਾਕੀ ਸਮੱਗਰੀ ਮਾਣਹਾਨੀ ਵਾਲੀ ਨਹੀਂ ਹੈ।"

ਇਹ ਹੁਕਮ ਚੱਢਾ ਵੱਲੋਂ ਦਾਇਰ ਕੀਤੇ ਗਏ ਮੁਕੱਦਮੇ ਵਿੱਚ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਇਸ ਸਾਲ ਆਮ ਆਦਮੀ ਪਾਰਟੀ (ਆਪ) ਤੋਂ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕਥਿਤ ਤੌਰ 'ਤੇ ਫੈਲਾਈ ਗਈ ਏਆਈ-ਜਨਰੇਟਿਡ ਡੀਪਫੇਕ, ਹੇਰਾਫੇਰੀ ਵਾਲੇ ਵੀਡੀਓ, ਸਿੰਥੈਟਿਕ ਵੌਇਸ ਕਲੋਨਿੰਗ, ਮੋਰਫਡ ਚਿੱਤਰਾਂ, ਬਣਾਵਟੀ ਭਾਸ਼ਣਾਂ ਅਤੇ ਹੋਰ ਗੁੰਮਰਾਹਕੁੰਨ ਡਿਜੀਟਲ ਸਮੱਗਰੀ ਦੇ ਖ਼ਿਲਾਫ਼ ਰੋਕ ਦੀ ਮੰਗ ਕੀਤੀ ਸੀ।

ਚੱਢਾ ਨੇ ਦਲੀਲ ਦਿੱਤੀ ਸੀ ਕਿ ਕਈ ਪੋਸਟਾਂ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਸਾੜੀ ਪਹਿਨੇ ਹੋਏ ਮੋਰਫਡ ਚਿੱਤਰ ਅਤੇ ਇੱਕ ਹੋਰ ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ 'ਤੇ ਪੈਸੇ ਲੁੱਟਾ ਰਹੇ ਹਨ, ਮਾਣਹਾਨੀ ਵਾਲੀਆਂ ਹਨ ਅਤੇ ਗਲਤ ਤਰੀਕੇ ਨਾਲ ਸੁਝਾਅ ਦਿੰਦੀਆਂ ਹਨ ਕਿ ਉਨ੍ਹਾਂ ਨੇ ਭਾਜਪਾ ਵਿੱਚ ਸ਼ਾਮਲ ਹੋਣ ਲਈ ਪੈਸੇ ਲਏ ਹਨ। 21 ਮਈ ਨੂੰ ਅੰਤਰਿਮ ਰੋਕ ਦੀ ਅਰਜ਼ੀ 'ਤੇ ਸੁਣਵਾਈ ਦੌਰਾਨ, ਕੋਰਟ ਨੇ ਮੁੱਢਲੀ ਨਜ਼ਰੇ ਦੇਖਿਆ ਸੀ ਕਿ ਵਿਵਾਦਤ ਸਮੱਗਰੀ ਵਿੱਚ ਸ਼ਖਸੀਅਤ ਦੇ ਅਧਿਕਾਰਾਂ ਦੀ ਉਲੰਘਣਾ ਸ਼ਾਮਲ ਨਹੀਂ ਹੈ, ਸਗੋਂ ਇਹ ਜ਼ਿਆਦਾਤਰ ਰਾਜਨੀਤਿਕ ਆਲੋਚਨਾ ਹੈ। ਜਸਟਿਸ ਪ੍ਰਸਾਦ ਨੇ ਨੋਟ ਕੀਤਾ ਕਿ ਰਾਜਨੀਤਿਕ ਫੈਸਲਿਆਂ ਦੀ ਆਲੋਚਨਾ ਲੰਬੇ ਸਮੇਂ ਤੋਂ ਲੋਕਤੰਤਰੀ ਬਹਿਸ ਦਾ ਹਿੱਸਾ ਰਹੀ ਹੈ, ਜਿਸ ਲਈ ਉਨ੍ਹਾਂ ਨੇ ਆਰ.ਕੇ. ਲਕਸ਼ਮਣ ਦੇ ਰਾਜਨੀਤਿਕ ਕਾਰਟੂਨਾਂ ਦੀ ਉਦਾਹਰਣ ਦਿੱਤੀ।

ਕੋਰਟ ਨੇ ਦੇਖਿਆ ਕਿ ਹਾਲਾਂਕਿ ਸੋਸ਼ਲ ਮੀਡੀਆ ਨੇ ਅਜਿਹੀ ਆਲੋਚਨਾ ਦੀ ਪਹੁੰਚ ਨੂੰ ਵਧਾ ਦਿੱਤਾ ਹੈ, ਪਰ ਇਹ ਆਪਣੇ ਆਪ ਸ਼ਖਸੀਅਤ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ ਮੰਨੀ ਜਾਂਦੀ। ਕੋਰਟ ਨੇ ਮਾਣਹਾਨੀ ਦੇ ਦਾਅਵੇ ਅਤੇ ਸ਼ਖਸੀਅਤ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਦਾਇਰ ਮੁਕੱਦਮੇ ਵਿੱਚ ਫਰਕ ਕੀਤਾ, ਇਹ ਸੰਕੇਤ ਦਿੰਦੇ ਹੋਏ ਕਿ ਚੱਢਾ ਵੱਲੋਂ ਉਠਾਏ ਗਏ ਮੁੱਦੇ ਮਾਣਹਾਨੀ ਦੇ ਖੇਤਰ ਵਿੱਚ ਜ਼ਿਆਦਾ ਆਉਂਦੇ ਜਾਪਦੇ ਹਨ। ਇਸ ਗੱਲ 'ਤੇ ਸਵਾਲ ਉਠਾਉਂਦੇ ਹੋਏ ਕਿ ਰਾਜਨੀਤਿਕ ਆਗੂਆਂ ਨੂੰ ਜਨਤਕ ਆਲੋਚਨਾ ਨੂੰ ਕਿੰਨਾ ਕੁ ਬਰਦਾਸ਼ਤ ਕਰਨਾ ਚਾਹੀਦਾ ਹੈ, ਜਸਟਿਸ ਪ੍ਰਸਾਦ ਨੇ ਸੁਣਵਾਈ ਦੌਰਾਨ ਟਿੱਪਣੀ ਕੀਤੀ ਕਿ ਵਿਵਾਦਤ ਸਮੱਗਰੀ ਕਿਸੇ ਰਾਜਨੀਤਿਕ ਫੈਸਲੇ 'ਤੇ ਟਿੱਪਣੀ ਜਾਪਦੀ ਹੈ। ਉਨ੍ਹਾਂ ਕਿਹਾ, "ਇੱਕ ਰਾਜਨੀਤਿਕ ਆਗੂ ਵਜੋਂ, ਕੀ ਤੁਸੀਂ ਇੰਨੇ ਸੰਵੇਦਨਸ਼ੀਲ ਹੋ ਸਕਦੇ ਹੋ?"

ਕੋਰਟ ਨੇ ਇਹ ਵੀ ਸੰਕੇਤ ਦਿੱਤਾ ਸੀ ਕਿ ਉਹ ਇੱਕ ਅਮਿਕਸ ਕਿਊਰੀ ਨਿਯੁਕਤ ਕਰਨ 'ਤੇ ਵਿਚਾਰ ਕਰ ਸਕਦੀ ਹੈ ਕਿਉਂਕਿ ਔਨਲਾਈਨ ਸਮੱਗਰੀ ਦੇ ਕਥਿਤ ਸਿਰਜਣਹਾਰਾਂ ਦੀ ਪਛਾਣ ਨਹੀਂ ਹੋਈ ਸੀ। ਹਾਲਾਂਕਿ, ਚੱਢਾ ਦੇ ਵਕੀਲ ਨੇ ਬੇਨਤੀ ਕੀਤੀ ਕਿ ਕੋਰਟ ਪਹਿਲਾਂ ਅੰਤਰਿਮ ਰਾਹਤ ਦੀ ਪਟੀਸ਼ਨ 'ਤੇ ਫੈਸਲਾ ਕਰੇ। ਵਿਸਤ੍ਰਿਤ ਦਲੀਲਾਂ ਸੁਣਨ ਤੋਂ ਬਾਅਦ, ਹਾਈ ਕੋਰਟ ਨੇ ਪੰਜ ਵਿਸ਼ੇਸ਼ ਪੋਸਟਾਂ ਨੂੰ ਹਟਾਉਣ ਦਾ ਨਿਰਦੇਸ਼ ਦਿੱਤਾ ਜਦਕਿ ਬਾਕੀ ਸਮੱਗਰੀ ਦੇ ਖ਼ਿਲਾਫ਼ ਕੋਈ ਵਿਆਪਕ ਅੰਤਰਿਮ ਹੁਕਮ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ।









# ਖ਼ੂਨਦਾਨ: ਮਨੁੱਖੀ ਜੀਵਨ ਦਾ ਮਹਾਨ ਰੱਖਿਅਕ



ਅਜੋਕੇ ਯੁੱਗ ਵਿੱਚ ਸਿਹਤ ਵਿਗਿਆਨ ਨੇ ਲਾਮਿਸਾਲ ਤਰੱਕੀ ਕੀਤੀ ਹੈ ਪਰ ਫੇਰ ਵੀ ਅੱਜ ਤੱਕ ਇੱਕ ਵਸਤੂ ਅਜੇ ਵੀ ਹੈ ਜਿਸ ਨੂੰ ਕੋਈ ਵੀ ਵਿਗਿਆਨਕ ਪ੍ਰਯੋਗਸ਼ਾਲਾ ਤਿਆਰ ਨਹੀਂ ਕਰ ਸਕੀ—ਉਹ ਹੈ ਮਨੁੱਖੀ ਖ਼ੂਨ। ਦੁਨੀਆ ਭਰ ਵਿੱਚ ਹਰ ਰੋਜ਼ ਲੱਖਾਂ ਲੋਕ ਸੜਕ ਹਾਦਸਿਆਂ, ਵੱਡੇ ਆਪ੍ਰੇਸ਼ਨਾਂ, ਜਣੇਪੇ ਦੌਰਾਨ ਵੱਧ ਖ਼ੂਨ ਵਹਿਣ, ਕੈਂਸਰ ਦੇ ਇਲਾਜ ਅਤੇ ਹੋਰ ਅਨੇਕਾਂ ਗੰਭੀਰ ਬਿਮਾਰੀਆਂ ਵਿੱਚ ਖ਼ੂਨ ਚੜ੍ਹਾਏ ਜਾਣ ਉੱਤੇ ਆਪਣੀ ਜ਼ਿੰਦਗੀ ਲਈ ਨਿਰਭਰ ਕਰਦੇ ਹਨ। ਇਸ ਲਈ ਖ਼ੂਨਦਾਨ ਸਿਰਫ਼ ਇੱਕ ਪਰਉਪਕਾਰੀ ਕੰਮ ਹੀ ਨਹੀਂ, ਸਗੋਂ ਹਰ ਨਾਗਰਿਕ ਦੀ ਸਮਾਜਿਕ ਅਤੇ ਮਨੁੱਖੀ ਜ਼ਿੰਮੇਵਾਰੀ ਵੀ ਹੈ।

ਖ਼ੂਨਦਾਨ ਦੀ ਮਹੱਤਤਾ ਨੂੰ ਸ਼ਬਦਾਂ ਵਿੱਚ ਪੂਰੀ ਤਰ੍ਹਾਂ ਬਿਆਨ ਨਹੀਂ ਕੀਤਾ ਜਾ ਸਕਦਾ। ਸਿਹਤ ਮਾਹਿਰਾਂ ਅਨੁਸਾਰ ਇੱਕ ਯੂਨਿਟ ਖ਼ੂਨ ਤਿੰਨ ਤੱਕ ਵਿਅਕਤੀਆਂ ਦੀ ਜਾਨ ਬਚਾ ਸਕਦਾ ਹੈ, ਕਿਉਂਕਿ ਇਸ ਨੂੰ ਲਾਲ ਰਕਤ-ਕਣਾਂ, ਪਲਾਜ਼ਮਾ ਅਤੇ ਪਲੇਟਲੈਟਸ ਵਰਗੇ ਵੱਖ-ਵੱਖ ਭਾਗਾਂ ਵਿੱਚ ਵੰਡ ਕੇ ਵੱਖ-ਵੱਖ ਮਰੀਜ਼ਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਭਿਆਨਕ ਹਾਦਸਿਆਂ ਵਿੱਚ ਬਹੁਤ ਜ਼ਿਆਦਾ ਖ਼ੂਨ ਵਹਿ ਜਾਣ ਦੀ ਸਥਿਤੀ ਵਿੱਚ ਦਾਨ ਕੀਤਾ ਖ਼ੂਨ ਹੀ ਮੌਤ ਅਤੇ ਜੀਵਨ ਵਿਚਕਾਰ ਦਾ ਫ਼ਰਕ ਬਣ ਜਾਂਦਾ ਹੈ। ਇਸੇ ਤਰ੍ਹਾਂ ਵੱਡੇ ਆਪ੍ਰੇਸ਼ਨ, ਅੰਗਾਂ ਦੇ ਟਰਾਂਸਪਲਾਂਟ ਅਤੇ ਕੈਂਸਰ ਦੇ ਇਲਾਜ ਦੌਰਾਨ ਵੀ ਬਹੁਤ ਸਾਰੇ ਮਰੀਜ਼ਾਂ ਲਈ ਨਿਯਮਿਤ ਖ਼ੂਨ ਦੀ ਲੋੜ ਪੈਂਦੀ ਹੈ।

ਖ਼ੂਨਦਾਨ ਨੂੰ ਹਰ ਤੰਦਰੁਸਤ ਵਿਅਕਤੀ ਦੀ ਜੀਵਨ-ਸ਼ੈਲੀ ਦਾ ਅਟੁੱਟ ਹਿੱਸਾ ਬਣਨਾ ਚਾਹੀਦਾ ਹੈ। ਖ਼ੂਨ ਦੀ ਲੋੜ ਹਰ ਸਮੇਂ ਅਤੇ ਹਰ ਥਾਂ ਰਹਿੰਦੀ ਹੈ। ਐਮਰਜੈਂਸੀ ਕਿਸੇ ਨੂੰ ਪਹਿਲਾਂ ਦੱਸ ਕੇ ਨਹੀਂ ਆਉਂਦੀ। ਜਾਤ, ਧਰਮ, ਭਾਸ਼ਾ, ਲਿੰਗ ਜਾਂ ਆਰਥਿਕ ਹਾਲਤ ਤੋਂ ਇਲਾਵਾ ਕੋਈ ਵੀ ਵਿਅਕਤੀ ਕਿਸੇ ਵੀ ਸਮੇਂ ਖ਼ੂਨ ਦੀ ਲੋੜ ਵਿੱਚ ਪੈ ਸਕਦਾ ਹੈ। ਜਦੋਂ ਅਸੀਂ ਨਿਯਮਿਤ ਤੌਰ 'ਤੇ ਖ਼ੂਨਦਾਨ ਕਰਦੇ ਹਾਂ ਤਾਂ ਅਸੀਂ ਸਿਰਫ਼ ਅਣਜਾਣ ਲੋਕਾਂ ਹੀ ਨਹੀਂ, ਸਗੋਂ ਆਪਣੇ ਪਰਿਵਾਰ, ਦੋਸਤਾਂ ਅਤੇ ਸਮਾਜ ਦੀ ਵੀ ਸੁਰੱਖਿਆ ਕਰ ਰਹੇ ਹੁੰਦੇ ਹਾਂ। ਜਿੱਥੇ ਸਵੈ-ਇੱਛਾ ਨਾਲ ਖ਼ੂਨਦਾਨ ਦੀ ਪਰੰਪਰਾ ਮਜ਼ਬੂਤ ਹੁੰਦੀ ਹੈ, ਉੱਥੇ ਸਿਹਤ ਸੇਵਾਵਾਂ ਵੀ ਵਧੇਰੇ ਸਮਰੱਥ ਅਤੇ ਪ੍ਰਭਾਵਸ਼ਾਲੀ ਬਣਦੀਆਂ ਹਨ।

ਖ਼ੂਨਦਾਨ ਸਿਰਫ਼ ਮਰੀਜ਼ਾਂ ਲਈ ਹੀ ਲਾਭਦਾਇਕ ਨਹੀਂ, ਸਗੋਂ ਦਾਨੀ ਲਈ ਵੀ ਕੁਝ ਸਕਾਰਾਤਮਕ ਸਿਹਤ ਲਾਭ ਲਿਆਉਂਦਾ ਹੈ। ਖ਼ੂਨਦਾਨ ਤੋਂ ਪਹਿਲਾਂ ਕੀਤੀ ਜਾਣ ਵਾਲੀ ਡਾਕਟਰੀ ਜਾਂਚ ਰਾਹੀਂ ਬਲੱਡ ਪ੍ਰੈਸ਼ਰ, ਨਬਜ਼ ਅਤੇ ਹੀਮੋਗਲੋਬਿਨ ਵਰਗੇ ਮਹੱਤਵਪੂਰਨ ਸਿਹਤ ਸੂਚਕਾਂ ਦੀ ਜਾਣਕਾਰੀ ਮਿਲਦੀ ਹੈ। ਨਿਯਮਿਤ ਖ਼ੂਨਦਾਨ ਸਰੀਰ ਵਿੱਚ ਆਇਰਨ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਵੀ ਸਹਾਇਕ ਹੋ ਸਕਦਾ ਹੈ ਅਤੇ ਲੋਕਾਂ ਨੂੰ ਆਪਣੀ ਸਿਹਤ ਪ੍ਰਤੀ ਹੋਰ ਜਾਗਰੂਕ ਬਣਾਉਂਦਾ ਹੈ। ਹਾਲਾਂਕਿ ਖ਼ੂਨਦਾਨ ਦਾ ਮੁੱਖ ਉਦੇਸ਼ ਆਪਣਾ ਲਾਭ ਨਹੀਂ, ਸਗੋਂ ਕਿਸੇ ਹੋਰ ਦੀ ਜ਼ਿੰਦਗੀ ਬਚਾਉਣਾ ਹੈ।

ਖ਼ੂਨਦਾਨ ਨੂੰ ਮਨੁੱਖੀ ਸੇਵਾ ਦਾ ਸਭ ਤੋਂ ਉੱਚਾ ਰੂਪ ਮੰਨਿਆ ਜਾਂਦਾ ਹੈ, ਕਿਉਂਕਿ ਇਸ ਲਈ ਨਾ ਕਿਸੇ ਵਿਸ਼ੇਸ਼ ਯੋਗਤਾ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਧਨ-ਦੌਲਤ ਦੀ। ਹਰ ਤੰਦਰੁਸਤ ਵਿਅਕਤੀ ਇੱਕ ਜੀਵਨਦਾਤਾ ਬਣ ਸਕਦਾ ਹੈ। ਖ਼ੂਨ ਨੂੰ ਲੰਬੇ ਸਮੇਂ ਤੱਕ ਸਟੋਰ ਨਹੀਂ ਕੀਤਾ ਜਾ ਸਕਦਾ, ਇਸ ਲਈ ਇਸ ਦੀ ਲਗਾਤਾਰ ਲੋੜ ਬਣੀ ਰਹਿੰਦੀ ਹੈ। ਇਸ ਕਾਰਨ ਨਿਯਮਿਤ ਸਵੈ-ਇੱਛਕ ਖ਼ੂਨਦਾਨੀ ਆਧੁਨਿਕ ਸਿਹਤ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ।

ਦੁਨੀਆ ਭਰ ਦੇ ਹਸਪਤਾਲਾਂ ਵਿੱਚ ਅਣਗਿਣਤ ਅਜਿਹੀਆਂ ਘਟਨਾਵਾਂ ਹਨ ਜਿੱਥੇ ਖ਼ੂਨਦਾਨ ਨੇ ਮੌਤ ਦੇ ਮੂੰਹ ਵਿੱਚੋਂ ਲੋਕਾਂ ਨੂੰ ਵਾਪਸ ਲਿਆਂਦਾ ਹੈ। ਜਣੇਪੇ ਦੌਰਾਨ ਭਾਰੀ ਖ਼ੂਨ ਵਹਿਣ ਵਾਲੀਆਂ ਮਾਵਾਂ, ਥੈਲੇਸੀਮੀਆ ਨਾਲ ਜੂਝ ਰਹੇ ਬੱਚੇ, ਕੈਂਸਰ ਦੇ ਮਰੀਜ਼ ਅਤੇ ਕੁਦਰਤੀ ਆਫ਼ਤਾਂ ਦੇ ਸ਼ਿਕਾਰ ਲੋਕ—ਇਨ੍ਹਾਂ ਸਾਰਿਆਂ ਨੂੰ ਖ਼ੂਨਦਾਨੀਆਂ ਦੀ ਨਿਸ਼ਕਾਮ ਸੇਵਾ ਨੇ ਨਵਾਂ ਜੀਵਨ ਦਿੱਤਾ ਹੈ। ਇਨ੍ਹਾਂ ਪਰਿਵਾਰਾਂ ਲਈ ਖ਼ੂਨਦਾਨੀ ਇੱਕ ਅਣਦੇਖਿਆ ਫ਼ਰਿਸ਼ਤਾ ਹੁੰਦਾ ਹੈ, ਜਿਸ ਦੀ ਇੱਕ ਛੋਟੀ ਜਿਹੀ ਨੇਕੀ ਕਿਸੇ ਦੀ ਪੂਰੀ ਜ਼ਿੰਦਗੀ ਬਦਲ ਦਿੰਦੀ ਹੈ।

ਬਦਕਿਸਮਤੀ ਨਾਲ ਅੱਜ ਵੀ ਬਹੁਤ ਸਾਰੇ ਖੇਤਰਾਂ ਵਿੱਚ ਖ਼ੂਨ ਦੀ ਕਮੀ ਰਹਿੰਦੀ ਹੈ। ਇਸ ਦਾ ਮੁੱਖ ਕਾਰਨ ਭਰਮ, ਡਰ ਅਤੇ ਜਾਗਰੂਕਤਾ ਦੀ ਘਾਟ ਹੈ। ਸਿੱਖਿਆ ਸੰਸਥਾਵਾਂ, ਸਿਹਤ ਵਿਭਾਗ, ਸਮਾਜਿਕ ਸੰਸਥਾਵਾਂ ਅਤੇ ਸਰਕਾਰਾਂ ਨੂੰ ਮਿਲ ਕੇ ਲੋਕਾਂ ਵਿੱਚ ਸਹੀ ਜਾਣਕਾਰੀ ਪਹੁੰਚਾਉਣੀ ਚਾਹੀਦੀ ਹੈ। ਜਾਗਰੂਕਤਾ ਮੁਹਿੰਮਾਂ ਰਾਹੀਂ ਇਹ ਵਿਸ਼ਵਾਸ ਪੈਦਾ ਕਰਨਾ ਲਾਜ਼ਮੀ ਹੈ ਕਿ ਖ਼ੂਨਦਾਨ ਇੱਕ ਸੁਰੱਖਿਅਤ, ਸਰਲ ਅਤੇ ਡਾਕਟਰੀ ਨਿਗਰਾਨੀ ਹੇਠ ਕੀਤਾ ਜਾਣ ਵਾਲਾ ਕਾਰਜ ਹੈ।

ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਖ਼ੂਨਦਾਨ ਮਨੁੱਖਤਾ, ਦਇਆ ਅਤੇ ਸਮਾਜਿਕ ਏਕਤਾ ਦੀ ਸਭ ਤੋਂ ਉੱਚੀ ਮਿਸਾਲ ਹੈ। ਇਹ ਸਿਰਫ਼ ਕਿਸੇ ਇੱਕ ਵਿਅਕਤੀ ਦੀ ਜਾਨ ਹੀ ਨਹੀਂ ਬਚਾਉਂਦਾ, ਸਗੋਂ ਪੂਰੇ ਸਮਾਜ ਨੂੰ ਮਜ਼ਬੂਤ ਬਣਾਉਂਦਾ ਹੈ। ਜੇਕਰ ਹਰ ਯੋਗ ਨਾਗਰਿਕ ਨਿਯਮਿਤ ਤੌਰ 'ਤੇ ਖ਼ੂਨਦਾਨ ਕਰਨ ਦਾ ਸੰਕਲਪ ਲੈ ਲਵੇ ਤਾਂ ਦੇਸ਼ ਵਿੱਚ ਖ਼ੂਨ ਦੀ ਕਮੀ ਦੀ ਸਮੱਸਿਆ ਕਾਫ਼ੀ ਹੱਦ ਤੱਕ ਖ਼ਤਮ ਹੋ ਸਕਦੀ ਹੈ। ਖ਼ੂਨਦਾਨ ਕਰਕੇ ਅਸੀਂ ਸਿਰਫ਼ ਖ਼ੂਨ ਨਹੀਂ ਦਿੰਦੇ, ਸਗੋਂ ਕਿਸੇ ਦੀਆਂ ਉਮੀਦਾਂ ਨੂੰ ਨਵੀਂ ਰੌਸ਼ਨੀ, ਕਿਸੇ ਪਰਿਵਾਰ ਨੂੰ ਨਵੀਂ ਖ਼ੁਸ਼ੀ ਅਤੇ ਕਿਸੇ ਮਨੁੱਖ ਨੂੰ ਨਵਾਂ ਜੀਵਨ ਦਿੰਦੇ ਹਾਂ। ਇਹੀ ਖ਼ੂਨਦਾਨ ਦੀ ਸਭ ਤੋਂ ਵੱਡੀ ਮਹਾਨਤਾ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਸਕਿਨ ਦੀ ਰੰਗਤ ਨਿਖਾਰਨ ਲਈ ਕਿਵੇਂ ਕਰੀਏ ਦਹੀਂ ਦੀ ਵਰਤੋਂ?



ਕੀ ਤੁਸੀਂ ਜਾਣਦੇ ਹੋ ਕਿ ਤੁਹਾਡੀ ਰਸੋਈ ਵਿਚ ਹੀ ਇਕ ਅਜਿਹਾ 'ਸੁਪਰਹੀਰੋ' ਮੌਜੂਦ ਹੈ ਜੋ ਤੁਹਾਡੀ ਸਕਿਨ ਨੂੰ ਮਿੰਟਾਂ ਵਿਚ ਚਮਕਾ ਸਕਦਾ ਹੈ? ਜੀ ਹਾਂ, ਅਸੀਂ ਗੱਲ ਕਰ ਰਹੇ ਹਾਂ ਦਹੀਂ ਦੀ। ਦਹੀਂ 'ਚ ਮੌਜੂਦ ਲੈਕਟਿਕ ਐਸਿਡ ਸਕਿਨ ਦੀ ਗੰਦਗੀ ਨੂੰ ਡੂੰਘਾਈ ਨਾਲ ਸਾਫ਼ ਕਰਦਾ ਹੈ, ਪਰ ਜੇਕਰ ਤੁਸੀਂ ਇਸ ਵਿਚ 3 ਖ਼ਾਸ ਚੀਜ਼ਾਂ ਮਿਲਾ ਦਿਓ ਤਾਂ ਤੁਹਾਡੇ ਚਿਹਰੇ 'ਤੇ ਇਕ ਅਜਿਹਾ ਇੰਸਟੈਂਟ ਗਲੋ ਆਵੇਗਾ ਕਿ ਲੋਕ ਤੁਹਾਡੇ ਤੋਂ ਤੁਹਾਡੀ ਖ਼ੂਬਸੂਰਤੀ ਦਾ ਰਾਜ਼ ਪੁੱਛਣਗੇ। ਆਓ ਜਾਣਦੇ ਹਾਂ ਉਹ 3 ਚੀਜ਼ਾਂ ਕਿਹੜੀਆਂ ਹਨ ਅਤੇ ਇਨ੍ਹਾਂ ਦੀ ਵਰਤੋਂ ਕਿਵੇਂ ਕਰਨੀ ਹੈ।

**ਦਹੀਂ ਦੇ ਨਾਲ ਮਿਲਾਉਣ ਵਾਲੀਆਂ 3 ਚੀਜ਼ਾਂ**

ਦਹੀਂ ਆਪਣੇ ਆਪ 'ਚ ਇਕ ਬਿਹਤਰੀਨ ਕਲੀਂਜ਼ਰ ਹੈ, ਪਰ ਜਦੋਂ ਇਸ ਦੇ ਨਾਲ ਇਨ੍ਹਾਂ ਤਿੰਨ ਨੈਚੁਰਲ ਚੀਜ਼ਾਂ ਨੂੰ ਮਿਲਾਇਆ ਜਾਂਦਾ ਹੈ ਤਾਂ ਇਹ ਇਕ ਪਾਵਰਫੁੱਲ ਫੇਸ ਪੈਕ ਬਣ ਜਾਂਦਾ ਹੈ:

**ਵੇਸਣ:** ਵੇਸਣ ਸਕਿਨ ਤੋਂ ਐਕਸਟਰਾ ਤੇਲ ਤੇ ਡੈੱਡ ਸਕਿਨ ਨੂੰ ਹਟਾਉਣ ਦਾ ਕੰਮ ਬਿਹਤਰੀਨ ਤਰੀਕੇ ਨਾਲ ਕਰਦਾ ਹੈ। ਇਹ ਸਕਿਨ ਨੂੰ ਟਾਈਟ ਵੀ ਕਰਦਾ ਹੈ।

**ਹਲਦੀ:** ਸਦੀਆਂ ਤੋਂ ਹਲਦੀ ਦੀ ਵਰਤੋਂ ਰੂਪ ਨਿਖਾਰਨ ਲਈ ਹੁੰਦੀ ਆ ਰਹੀ ਹੈ। ਇਸ ਵਿਚ ਮੌਜੂਦ ਗੁਣ ਚਿਹਰੇ ਦੇ ਦਾਗ-ਧੱਬਿਆਂ ਨੂੰ ਹਲਕਾ ਕਰਦੇ ਹਨ ਤੇ ਇਕ ਸੁਨਹਿਰੀ ਨਿਖਾਰ ਲਿਆਉਂਦੇ ਹਨ।

**ਸ਼ਹਿਦ:** ਸ਼ਹਿਦ ਤੁਹਾਡੀ ਸਕਿਨ ਨੂੰ ਕੁਦਰਤੀ ਤੌਰ 'ਤੇ ਨਮੀ ਦਿੰਦਾ ਹੈ। ਇਹ ਰੁੱਖੀ ਤੇ ਬੇਜਾਨ ਸਕਿਨ ਨੂੰ ਅੰਦਰੋਂ ਹਾਈਡ੍ਰੇਟ ਕਰ ਕੇ ਬਿਲਕੁਲ ਮੁਲਾਇਮ ਅਤੇ ਚਮਕਦਾਰ ਬਣਾ ਦਿੰਦਾ ਹੈ।

**ਕਿਵੇਂ ਬਣਾਈਏ ਇਹ ਇੰਸਟੈਂਟ ਗਲੋਅ ਫੇਸ ਪੈਕ?**

ਇਸ ਫੇਸ ਪੈਕ ਨੂੰ ਬਣਾਉਣਾ ਤੇ ਲਗਾਉਣਾ ਬਹੁਤ ਹੀ ਆਸਾਨ ਹੈ। ਬੱਸ ਇਨ੍ਹਾਂ ਆਸਾਨ ਸਟੈਪਸ ਨੂੰ ਫਾਲੋ ਕਰੋ:

ਇਕ ਸਾਫ਼ ਕਟੋਰੀ 'ਚ 2 ਵੱਡੇ ਚਮਚ ਤਾਜ਼ਾ ਤੇ ਗਾੜ੍ਹਾ ਦਹੀਂ ਲਓ। ਧਿਆਨ ਰਹੇ ਕਿ ਦਹੀਂ ਜ਼ਿਆਦਾ ਖੱਟਾ ਨਾ ਹੋਵੇ।

ਹੁਣ ਇਸ ਦਹੀਂ 'ਚ ਇਕ ਚਮਚ ਵੇਸਣ, ਸਿਰਫ਼ ਇਕ ਚੁਟਕੀ ਹਲਦੀ ਤੇ ਅੱਧਾ ਚਮਚ ਸ਼ਹਿਦ ਪਾ ਦਿਓ।

ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਚਮਚ ਦੀ ਮਦਦ ਨਾਲ ਬਹੁਤ ਚੰਗੀ ਤਰ੍ਹਾਂ ਫੈਂਟ ਲਓ, ਤਾਂ ਜੋ ਇਕ ਸਮੂਦ ਤੇ ਗਾੜ੍ਹਾ ਪੇਸਟ ਬਣ ਜਾਵੇ।

ਆਪਣੇ ਚਿਹਰੇ ਨੂੰ ਸਾਦੇ ਪਾਣੀ ਨਾਲ ਧੋਅ ਕੇ ਪੂੰਝ ਲਓ। ਹੁਣ ਇਸ ਪੇਸਟ ਨੂੰ ਆਪਣੇ ਚਿਹਰੇ ਅਤੇ ਗਰਦਨ 'ਤੇ ਬਰਾਬਰ ਰੂਪ 'ਚ ਲਗਾਓ। ਅੱਖਾਂ ਦੇ ਆਸ-ਪਾਸ ਦੀ ਜਗ੍ਹਾ ਨੂੰ ਛੱਡ ਦਿਓ।

ਕਰੀਬ 15 ਤੋਂ 20 ਮਿੰਟ ਤਕ ਆਰਾਮ ਕਰੋ ਅਤੇ ਪੈਕ ਨੂੰ ਆਪਣਾ ਕੰਮ ਕਰਨ ਦਿਓ। ਜਦੋਂ ਇਹ ਹਲਕਾ ਸੁੱਕ ਜਾਵੇ ਤਾਂ ਉਂਗਲੀਆਂ ਨੂੰ ਥੋੜ੍ਹਾ ਗਿੱਲਾ ਕਰੋ ਅਤੇ 2 ਮਿੰਟ ਤੱਕ ਚਿਹਰੇ ਦੀ ਹਲਕੇ ਹੱਥਾਂ ਨਾਲ ਮਸਾਜ ਕਰੋ।

ਆਖ਼ਰ 'ਚ, ਠੰਢੇ ਜਾਂ ਸਾਦੇ ਪਾਣੀ ਨਾਲ ਆਪਣਾ ਚਿਹਰਾ ਚੰਗੀ ਤਰ੍ਹਾਂ ਧੋ ਲਓ ਅਤੇ ਇਕ ਮੁਲਾਇਮ ਤੌਲੀਏ ਨਾਲ ਥਪਥਪਾ ਕੇ ਪੂੰਝ ਲਓ। ਚਿਹਰਾ ਧੋਣ ਦੇ ਤੁਰੰਤ ਬਾਅਦ ਜਦੋਂ ਤੁਸੀਂ ਸ਼ੀਸ਼ੇ ਵਿੱਚ ਖ਼ੁਦ ਨੂੰ ਦੇਖੋਗੇ, ਤਾਂ ਤੁਸੀਂ ਆਪਣੀ ਸਕਿਨ ਵਿਚ ਇਕ ਗਜ਼ਬ ਦੀ ਤਾਜ਼ਗੀ ਅਤੇ ਚਮਕ ਮਹਿਸੂਸ ਕਰੋਗੇ।

ਇਸ ਆਸਾਨ ਘਰੇਲੂ ਨੁਸਖ਼ੇ ਨੂੰ ਹਫ਼ਤੇ 'ਚ ਘੱਟੋ-ਘੱਟ ਦੋ ਵਾਰ ਜ਼ਰੂਰ ਅਜ਼ਮਾਓ। ਇਹ ਨਾ ਸਿਰਫ਼ ਤੁਹਾਡੀ ਸਕਿਨ ਦੀ ਰੰਗਤ ਨੂੰ ਸਾਫ਼ ਕਰੇਗਾ, ਬਲਕਿ ਤੁਹਾਨੂੰ ਇਕ ਹੈਲਦੀ ਅਤੇ ਜਵਾਨ ਲੁੱਕ ਵੀ ਦੇਵੇਗਾ।

# ਵਹਿਮ ਨਹੀਂ ਹਕੀਕਤ !



ਬਚਪਨ 'ਚ ਅਸੀਂ ਸਾਰਿਆਂ ਨੇ ਚੌਖਟ (ਦਲੀਜ਼) 'ਤੇ ਬੈਠਣ ਲਈ ਡਾਂਟ ਜ਼ਰੂਰ ਸੁਣੀ ਹੋਵੇਗੀ। ਘਰ ਦੇ ਵੱਡੇ-ਬਜ਼ੁਰਗ ਅਕਸਰ ਕਹਿੰਦੇ ਸਨ ਕਿ ਘਰ ਦੀ ਚੌਖਟ 'ਤੇ ਨਹੀਂ ਬੈਠਣਾ ਚਾਹੀਦਾ, ਇਹ ਸ਼ੁਭ ਨਹੀਂ ਹੁੰਦਾ। ਕਈ ਲੋਕ ਇਸ ਨੂੰ ਅੰਧਵਿਸ਼ਵਾਸ ਮੰਨ ਲੈਂਦੇ ਹਨ, ਪਰ ਅਜਿਹਾ ਕਹਿਣ ਪਿੱਛੇ ਸੱਚਮੁੱਚ ਕੁਝ ਅਜਿਹੇ ਕਾਰਨ ਹਨ, ਜੋ ਤੁਹਾਨੂੰ ਸੋਚਣ 'ਤੇ ਮਜਬੂਰ ਕਰ ਦੇਣਗੇ। ਜੀ ਹਾਂ, ਬਜ਼ੁਰਗਾਂ ਦੀ ਚੌਖਟ 'ਤੇ ਨਾ ਬੈਠਣ ਦੀ ਸਲਾਹ ਪਿੱਛੇ ਸਿਰਫ਼ ਪਰੰਪਰਾ ਨਹੀਂ, ਬਲਕਿ ਕਈ ਠੋਸ ਕਾਰਨ ਛਿਪੇ ਹੁੰਦੇ ਸਨ। ਆਓ ਜਾਣੀਏ ਕਿ ਕਿਉਂ ਵੱਡੇ-ਵਡੇਰੇ ਘਰ ਦੀ ਚੌਖਟ 'ਤੇ ਬੈਠਣ ਤੋਂ ਮਨ੍ਹਾ ਕਰਦੇ ਸਨ:-

**ਧਾਰਮਿਕ ਮਹੱਤਵ**

ਇਸ ਦੇ ਪਿੱਛੇ ਭਗਵਾਨ ਵਿਸ਼ਨੂੰ ਦੇ ਨਰਸਿੰਘ ਅਵਤਾਰ ਨਾਲ ਜੁੜੀ ਇੱਕ ਪੌਰਾਣਿਕ ਕਥਾ ਹੈ। ਇਸ ਕਥਾ ਅਨੁਸਾਰ ਹਿਰਨਾਕਸ਼ਪ ਨੂੰ ਮਾਰਨ ਲਈ ਭਗਵਾਨ ਵਿਸ਼ਨੂੰ ਨੇ ਨਰਸਿੰਘ ਦਾ ਅਵਤਾਰ ਲਿਆ ਸੀ ਅਤੇ ਸ਼ਾਮ ਦੇ ਸਮੇਂ ਉਸ ਨੂੰ ਚੌਖਟ 'ਤੇ ਆਪਣੀਆਂ ਪੱਟਾਂ (ਜਾਂਘਾਂ) 'ਤੇ ਰੱਖ ਕੇ ਆਪਣੇ ਨਹੁੰਆਂ ਨਾਲ ਉਸ ਦਾ ਵਧ ਕੀਤਾ ਸੀ। ਇਸ ਕਥਾ 'ਚ ਚੌਖਟ ਇੱਕ ਵਧ ਸਥਾਨ ਬਣੀ ਸੀ, ਇਸ ਲਈ ਹਿੰਦੂ ਧਰਮ 'ਚ ਚੌਖਟ 'ਤੇ ਬੈਠਣਾ ਅਸ਼ੁਭ ਮੰਨਿਆ ਜਾਂਦਾ ਹੈ।

ਇੱਕ ਮਾਨਤਾ ਇਹ ਵੀ ਹੈ ਕਿ ਚੌਖਟ 'ਤੇ ਬੈਠਣ ਨਾਲ ਮਾਤਾ ਲਕਸ਼ਮੀ ਦਾ ਰਸਤਾ ਰੁਕਦਾ ਹੈ ਅਤੇ ਉਹ ਘਰ 'ਚ ਪ੍ਰਵੇਸ਼ ਨਹੀਂ ਕਰਦੇ। ਇਸ ਲਈ ਘਰ 'ਚ ਸ਼ੁਭਤਾ ਅਤੇ ਖੁਸ਼ਹਾਲੀ ਬਣਾਈ ਰੱਖਣ ਲਈ ਵੀ ਚੌਖਟ 'ਤੇ ਬੈਠਣ ਤੋਂ ਮਨ੍ਹਾ ਕੀਤਾ ਜਾਂਦਾ ਹੈ।

**ਹਵਾ ਦਾ ਵੈਂਟੀਲੇਸ਼ਨ**

ਚੌਖਟ 'ਤੇ ਨਾ ਬੈਠਣ ਦੀ ਸਲਾਹ ਪਿੱਛੇ ਵਿਗਿਆਨਕ ਕਾਰਨ ਇਹ ਹੈ ਕਿ ਘਰ ਦਾ ਮੁੱਖ ਦਰਵਾਜ਼ਾ ਹਵਾ ਦੇ ਆਉਣ-ਜਾਣ ਦਾ ਮੁੱਖ ਰਸਤਾ ਹੁੰਦਾ ਹੈ। ਚੌਖਟ 'ਤੇ ਬੈਠਣ ਨਾਲ ਹਵਾ ਦਾ ਵਹਾਅ ਰੁਕਦਾ ਹੈ ਅਤੇ ਕਰਾਸ ਵੈਂਟੀਲੇਸ਼ਨ ਨਹੀਂ ਹੋ ਪਾਉਂਦੀ। ਇਸ ਕਾਰਨ ਘਰ 'ਚ ਤਾਜ਼ੀ ਹਵਾ ਦਾ ਆਉਣਾ ਘਟ ਜਾਂਦਾ ਹੈ।

**ਕੀੜੇ-ਮਕੌੜਿਆਂ ਦੇ ਕੱਟਣ ਦਾ ਖ਼ਤਰਾ**

ਪੁਰਾਣੇ ਸਮਿਆਂ 'ਚ ਅੱਜ ਵਾਂਗ ਪੱਕੇ ਫ਼ਰਸ਼ ਨਹੀਂ ਹੁੰਦੇ ਸਨ। ਜ਼ਮੀਨ ਮਿੱਟੀ ਦੀ ਹੁੰਦੀ ਸੀ ਅਤੇ ਕੀੜੇ-ਮਕੌੜੇ ਆਸਾਨੀ ਨਾਲ ਆ ਜਾਂਦੇ ਸਨ। ਦਰਵਾਜ਼ੇ ਦੇ ਪਿੱਛੇ ਜਾਂ ਹੇਠਾਂ ਜ਼ਹਿਰੀਲੇ ਸੱਪ ਜਾਂ ਬਿੱਛੂਆਂ ਦੇ ਛਿਪਣ ਦੀ ਜਗ੍ਹਾ ਹੁੰਦੀ ਸੀ ਅਤੇ ਘਰ ਦੀ ਚੌਖਟ 'ਤੇ ਬੈਠਣ ਨਾਲ ਇਨ੍ਹਾਂ ਦੇ ਕੱਟਣ ਦਾ ਖ਼ਤਰਾ ਵੱਧ ਜਾਂਦਾ ਸੀ। ਇਸ ਲਈ ਕੀੜਿਆਂ ਅਤੇ ਜ਼ਹਿਰੀਲੇ ਜੀਵਾਂ ਤੋਂ ਸੁਰੱਖਿਆ ਲਈ ਵੀ ਚੌਖਟ 'ਤੇ ਬੈਠਣ ਤੋਂ ਰੋਕਿਆ ਜਾਂਦਾ ਸੀ।

**ਸੱਟ ਲੱਗਣ ਦਾ ਖ਼ਤਰਾ**

ਚੌਖਟ ਘਰ ਦੇ ਅੰਦਰ ਆਉਣ-ਜਾਣ ਦਾ ਮੁੱਖ ਰਸਤਾ ਹੈ। ਅਜਿਹੇ 'ਚ ਉੱਥੇ ਬੈਠਣ ਨਾਲ ਆਉਣ-ਜਾਣ ਵਾਲੇ ਲੋਕਾਂ ਨੂੰ ਠੋਕਰ ਲੱਗ ਸਕਦੀ ਹੈ ਜਾਂ ਕੋਈ ਗ਼ਲਤੀ ਨਾਲ ਤੁਹਾਡੇ ਹੱਥ-ਪੈਰ 'ਤੇ ਪੈਰ ਰੱਖ ਸਕਦਾ ਹੈ, ਜਿਸ ਨਾਲ ਸੱਟ ਲੱਗਣ ਦਾ ਡਰ ਰਹਿੰਦਾ ਹੈ।

**ਬਿਮਾਰੀਆਂ ਤੋਂ ਬਚਾਅ**

ਚੌਖਟ 'ਤੇ ਬੈਠਣ ਦੀ ਮਨਾਹੀ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਬਾਹਰੋਂ ਆਉਣ ਵਾਲੇ ਲੋਕ ਆਪਣੇ ਜੁੱਤੇ-ਚੱਪਲ ਦਰਵਾਜ਼ੇ ਦੇ ਕੋਲ ਹੀ ਉਤਾਰਦੇ ਹਨ। ਅਜਿਹੀ ਸਥਿਤੀ 'ਚ ਉੱਥੇ ਮੌਜੂਦ ਧੂੜ-ਮਿੱਟੀ ਅਤੇ ਕੀਟਾਣੂਆਂ ਕਾਰਨ ਇਨਫੈਕਸ਼ਨ ਹੋਣ ਦਾ ਖ਼ਤਰਾ ਰਹਿੰਦਾ ਹੈ।












# ਰਾਸ਼ੀਫਲ

ਮੇਖ਼ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਸਾਲ 2026 ਮੇਖ਼ ਰਾਸ਼ੀ ਦੇ ਲੋਕਾਂ ਲਈ ਬਹੁਤ ਚੰਗੇ ਨਤੀਜੇ ਲਿਆਵੇਗਾ। ਸਾਲ ਦੀ ਸ਼ੁਰੂਆਤ ਵਿੱਚ ਮੰਗਲ, ਸੂਰਜ, ਬੁੱਧ ਅਤੇ ਸ਼ੁੱਕਰ ਤੁਹਾਡੇ ਨੌਵੇਂ ਘਰ ਵਿੱਚ ਹੋਣਗੇ, ਅਤੇ ਬ੍ਰਹਸਪਤੀ ਦੀ ਦ੍ਰਿਸ਼ਟੀ ਉਨ੍ਹਾਂ 'ਤੇ ਹੋਵੇਗੀ, ਜਿਸ ਨਾਲ਼ ਤੁਹਾਡੀ ਕਿਸਮਤ ਵਿੱਚ ਵਾਧਾ ਹੋਵੇਗਾ, ਰੁਕੇ ਹੋਏ ਕੰਮ ਬਣਨਗੇ ਅਤੇ ਲੰਬੀਆਂ ਯਾਤਰਾਵਾਂ ਦੀ ਸੰਭਾਵਨਾ ਬਣੇਗੀ। ਬਾਰ੍ਹਵੇਂ ਘਰ ਵਿੱਚ ਸ਼ਨੀ ਦਾ ਸਥਾਨ ਵਿਦੇਸ਼ ਯਾਤਰਾ ਦੀ ਸੰਭਾਵਨਾ ਪੈਦਾ ਕਰੇਗਾ। ਨੌਕਰੀ ਦੇ ਸਬੰਧ ਵਿੱਚ ਵਿਦੇਸ਼ ਜਾਣ ਦੇ ਮੌਕੇ ਬਣਨਗੇ। ਵਿਦੇਸ਼ੀ ਸਬੰਧਾਂ ਨਾਲ ਕਾਰੋਬਾਰ ਨੂੰ ਲਾਭ ਹੋਵੇਗਾ। ਜੂਨ ਤੋਂ ਬਾਅਦ ਪਰਿਵਾਰਕ ਸਬੰਧਾਂ ਵਿੱਚ ਤਰੱਕੀ ਹੋਵੇਗੀ, ਅਤੇ ਤੁਹਾਨੂੰ ਕੋਈ ਪੁਰਾਣੀ ਜਾਇਦਾਦ ਮਿਲ ਸਕਦੀ ਹੈ। ਸਾਲ ਦਾ ਪਹਿਲਾ ਅੱਧ ਵਿਆਹੁਤਾ ਮਾਮਲਿਆਂ ਲਈ ਵਧੇਰੇ ਅਨੁਕੂਲ ਰਹੇਗਾ, ਜਦੋਂ ਕਿ ਦੂਜੇ ਅੱਧ ਵਿੱਚ ਕੁਝ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਰਾਹੂ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰੇਗਾ ਅਤੇ ਤੁਹਾਡੀ ਵਿੱਤੀ ਸਥਿਤੀ ਵਿੱਚ ਸੁਧਾਰ ਕਰੇਗਾ। ਇਹ ਸਾਲ ਪਿਆਰ ਦੇ ਮਾਮਲਿਆਂ ਵਿੱਚ ਥੋੜ੍ਹਾ ਕਮਜ਼ੋਰ ਹੋਣ ਦੀ ਸੰਭਾਵਨਾ ਹੈ। ਵਿਦਿਆਰਥੀਆਂ ਨੂੰ ਮੁਸ਼ਕਲ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹ ਸਾਲ ਸਿਹਤ ਦੇ ਪੱਖ ਤੋਂ ਥੋੜ੍ਹਾ ਕਮਜ਼ੋਰ ਹੋਣ ਦੀ ਸੰਭਾਵਨਾ ਹੈ, ਇਸ ਲਈ ਤੁਹਾਨੂੰ ਸਾਵਧਾਨੀ ਵਰਤਣ ਦੀ ਜ਼ਰੂਰਤ ਹੋਵੇਗੀ। ਕਾਰੋਬਾਰ ਜਾਂ ਨੌਕਰੀ ਦੋਹਾਂ ਵਿੱਚ ਹੀ ਤੁਹਾਨੂੰ ਇਸ ਸਾਲ ਮਿਹਨਤ ਦਾ ਫਲ ਮਿਲੇਗਾ ਅਤੇ ਤੁਸੀਂ ਕਰੀਅਰ ਵਿੱਚ ਮਹੱਤਵਪੂਰਨ ਤਰੱਕੀ ਪ੍ਰਾਪਤ ਕਰ ਸਕਦੇ ਹੋ। ਸਾਲ ਦੀ ਸ਼ੁਰੂਆਤ ਵਿੱਚ ਭੈਣ-ਭਰਾਵਾਂ ਨਾਲ ਸਬੰਧ ਅਨੁਕੂਲ ਹੋਣਗੇ, ਅਤੇ ਯਾਤਰਾ ਦੇ ਮੌਕੇ ਭਰਪੂਰ ਹੋਣਗੇ। ਤੁਹਾਨੂੰ ਸਾਲ ਦੇ ਪਹਿਲੇ ਅੱਧ ਵਿੱਚ ਕੋਈ ਵੱਡੀ ਨੌਕਰੀ ਜਾਂ ਕੋਈ ਵੱਡਾ ਅਹੁਦਾ ਮਿਲ ਸਕਦਾ ਹੈ।

ਬ੍ਰਿਸ਼ਭ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਇਸ ਸਾਲ ਦੀ ਸ਼ੁਰੂਆਤ ਵਿੱਚ ਕੁਝ ਸਮੱਸਿਆਵਾਂ ਆ ਸਕਦੀਆਂ ਹਨ। ਅੱਠਵੇਂ ਘਰ ਵਿੱਚ ਛੇ ਗ੍ਰਹਾਂ ਦਾ ਪ੍ਰਭਾਵ ਸਿਹਤ ਸਬੰਧੀ ਵੱਡੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਅਤੇ ਇਸ ਸਮੇਂ ਦੇ ਦੌਰਾਨ ਕੋਈ ਵੀ ਨਵਾਂ ਨਿਵੇਸ਼ ਪਰੇਸ਼ਾਨੀ ਦੇ ਸਕਦਾ ਹੈ, ਇਸ ਲਈ ਤੁਹਾਨੂੰ ਸਾਲ ਦੀ ਸ਼ੁਰੂਆਤ ਵਿੱਚ ਸਾਵਧਾਨ ਰਹਿਣ ਦੀ ਜ਼ਰੂਰਤ ਹੋਵੇਗੀ। ਇਸ ਤੋਂ ਬਾਅਦ, ਹਾਲਾਤ ਹੌਲ਼ੀ-ਹੌਲ਼ੀ ਅਨੁਕੂਲ ਹੋਣਗੇ। ਸ਼ਨੀ, ਜੋ ਕਿ ਮਹੀਨੇ ਭਰ ਗਿਆਰ੍ਹਵੇਂ ਘਰ ਵਿੱਚ ਹੋਵੇਗਾ, ਨਿਯਮਿਤ ਤੌਰ 'ਤੇ ਤੁਹਾਡੀ ਆਮਦਨ ਵਿੱਚ ਵਾਧਾ ਕਰੇਗਾ ਅਤੇ ਤੁਹਾਡੀ ਵਿੱਤੀ ਸਥਿਤੀ ਨੂੰ ਬਿਹਤਰ ਬਣਾਉਣ ਵਿੱਚ ਸਹਾਇਤਾ ਕਰੇਗਾ।

ਨੌਕਰੀਪੇਸ਼ਾ ਜਾਤਕਾਂ ਨੂੰ ਆਪਣੇ ਕੰਮ ਵਿੱਚ ਆਪਣੇ ਸੀਨੀਅਰ ਅਧਿਕਾਰੀਆਂ ਤੋਂ ਸਹਿਯੋਗ ਮਿਲੇਗਾ, ਜਿਸ ਨਾਲ ਤਰੱਕੀ ਹੋਵੇਗੀ। ਕਾਰੋਬਾਰੀ ਲੋਕਾਂ ਲਈ ਸਾਲ ਦੀ ਪਹਿਲੀ ਤਿਮਾਹੀ ਉਤਾਰ-ਚੜ੍ਹਾਅ ਨਾਲ ਭਰੀ ਰਹੇਗੀ। ਪਰਿਵਾਰਕ ਸਬੰਧਾਂ ਵਿੱਚ ਉਤਾਰ-ਚੜ੍ਹਾਅ ਦੀ ਸੰਭਾਵਨਾ ਹੈ, ਇਸ ਲਈ ਤੁਹਾਨੂੰ ਧੀਰਜ ਅਤੇ ਸ਼ਾਂਤ ਰਹਿਣ ਦੀ ਜ਼ਰੂਰਤ ਹੋਵੇਗੀ। ਸਮੇਂ ਦੇ ਨਾਲ਼-ਨਾਲ਼ ਤੁਹਾਡੀ ਵਿੱਤੀ ਸਥਿਤੀ ਵਿੱਚ ਸੁਧਾਰ ਹੋਵੇਗਾ। ਪ੍ਰੇਮ ਸਬੰਧਾਂ ਦੇ ਮਾਮਲੇ ਵਿੱਚ, ਸਾਲ ਦੀ ਸ਼ੁਰੂਆਤ ਚੰਗੀ ਹੋਵੇਗੀ, ਤੁਸੀਂ ਆਪਣੇ ਰਿਸ਼ਤੇ ਵਿੱਚ ਪਿਆਰ ਮਹਿਸੂਸ ਕਰੋਗੇ।



ਮਿਥੁਨ ਰਾਸ਼ੀ

ਮਿਥੁਨ ਰਾਸ਼ੀ ਦੀ ਗੱਲ ਕਰੀਏ ਤਾਂ, 2026 ਰਾਸ਼ੀਫਲ ਦੇ ਅਨੁਸਾਰ, ਸਾਲ ਦੀ ਸ਼ੁਰੂਆਤ ਅਨੁਕੂਲ ਰਹੇਗੀ। ਤੁਹਾਡੇ ਫੈਸਲੇ ਲੈਣ ਦੇ ਹੁਨਰ ਵਿੱਚ ਸੁਧਾਰ ਹੋਵੇਗਾ, ਤੁਸੀਂ ਚੰਗੇ ਫੈਸਲੇ ਲਓਗੇ, ਅਤੇ ਲੋਕਾਂ ਨਾਲ ਤੁਹਾਡੇ ਰਿਸ਼ਤੇ ਮਜ਼ਬੂਤ ਹੋਣਗੇ। ਬਹੁਤ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਤੁਹਾਡਾ ਦੰਪਤੀ ਜੀਵਨ ਤੁਹਾਡੀ ਸਮਝਦਾਰੀ ਕਾਰਨ ਸੁੱਧਰੇਗਾ। ਇਹ ਸਾਲ ਪ੍ਰੇਮ ਸਬੰਧਾਂ ਲਈ ਚੰਗਾ ਰਹੇਗਾ। ਪ੍ਰੇਮ ਵਿਆਹ ਦੀਆਂ ਸੰਭਾਵਨਾਵਾਂ ਵੀ ਹਨ। ਜਿਹੜੇ ਜਾਤਕ ਅਜੇ ਵੀ ਕੁਆਰੇ ਹਨ, ਉਹ ਇਸ ਸਾਲ ਵਿਆਹ ਕਰਵਾ ਸਕਦੇ ਹਨ। ਸਾਲ ਦੇ ਮੱਧ ਵਿੱਚ ਵਿੱਤੀ ਸਥਿਤੀਆਂ ਮਜ਼ਬੂਤ ਹੋਣਗੀਆਂ, ਅਤੇ ਸਾਲ ਦੀ ਆਖਰੀ ਤਿਮਾਹੀ ਦੇ ਦੌਰਾਨ ਤੁਹਾਨੂੰ ਯਾਤਰਾ ਕਰਨ ਅਤੇ ਤੀਰਥ ਸਥਾਨਾਂ 'ਤੇ ਜਾਣ ਦਾ ਮੌਕਾ ਮਿਲੇਗਾ।

ਸ਼ਨੀ ਮਹਾਰਾਜ ਦੇ ਕਾਰਨ ਨੌਕਰੀ ਕਰਨ ਵਾਲ਼ੇ ਲੋਕਾਂ ਨੂੰ ਇਸ ਸਾਲ ਸਖ਼ਤ ਮਿਹਨਤ ਕਰਨੀ ਪਵੇਗੀ, ਜਦੋਂ ਕਿ ਕਾਰੋਬਾਰ ਕਰਨ ਵਾਲ਼ਿਆਂ ਨੂੰ ਸਾਲ ਦੀ ਸ਼ੁਰੂਆਤ ਵਿੱਚ ਕੁਝ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਪਰ ਚੰਗੇ ਨਤੀਜੇ ਪ੍ਰਾਪਤ ਹੋਣਗੇ। ਵਿਦਿਆਰਥੀਆਂ ਲਈ ਇਹ ਸਾਲ ਉਤਾਰ-ਚੜ੍ਹਾਅ ਨਾਲ ਭਰਿਆ ਹੋਣ ਦੀ ਸੰਭਾਵਨਾ ਹੈ।

ਕਰਕ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਇਹ ਸਾਲ ਕਰਕ ਰਾਸ਼ੀ ਵਾਲ਼ਿਆਂ ਦੇ ਲਈ ਕਾਰੋਬਾਰੀ ਪੱਖ ਤੋਂ ਚੰਗਾ ਰਹੇਗਾ। ਹਾਲਾਂਕਿ ਸਾਲ ਦੀ ਸ਼ੁਰੂਆਤ ਕੁਝ ਮੁਸ਼ਕਲ ਹੋਵੇਗੀ, ਪਰ ਹੌਲ਼ੀ-ਹੌਲ਼ੀ ਸਫਲਤਾ ਮਿਲੇਗੀ। ਸਾਲ ਦੀ ਸ਼ੁਰੂਆਤ ਵਿੱਚ ਸੂਰਜ, ਮੰਗਲ, ਬੁੱਧ ਅਤੇ ਸ਼ੁੱਕਰ ਤੁਹਾਡੇ ਛੇਵੇਂ ਘਰ ਵਿੱਚ ਹੋਣਗੇ ਅਤੇ ਬ੍ਰਹਸਪਤੀ ਅਤੇ ਸ਼ਨੀ ਦੀ ਦ੍ਰਿਸ਼ਟੀ ਉਨ੍ਹਾਂ 'ਤੇ ਹੋਵੇਗੀ। ਇਸ ਨਾਲ ਤੁਹਾਡੇ ਖਰਚੇ ਵਧਣਗੇ ਅਤੇ ਤੁਹਾਨੂੰ ਪੇਟ ਸਬੰਧੀ ਪਰੇਸ਼ਾਨੀਆਂ ਅਤੇ ਵਿਰੋਧੀਆਂ ਨਾਲ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਾਲਾਂਕਿ, ਪਹਿਲੀ ਤਿਮਾਹੀ ਤੋਂ ਬਾਅਦ ਤੁਹਾਡੇ ਕਾਰੋਬਾਰ ਵਿੱਚ ਚੰਗੀ ਤਰੱਕੀ ਹੋ ਸਕਦੀ ਹੈ।

ਜੇਕਰ ਤੁਸੀਂ ਨੌਕਰੀ ਕਰਦੇ ਹੋ, ਤਾਂ ਇਸ ਸਾਲ ਦੀ ਸ਼ੁਰੂਆਤ ਤੁਹਾਡੇ ਲਈ ਚੰਗੀ ਹੋਵੇਗੀ, ਅਤੇ ਤੁਹਾਨੂੰ ਕੰਮ ਦੇ ਸਬੰਧ ਵਿੱਚ ਬਹੁਤ ਜ਼ਿਆਦਾ ਯਾਤਰਾ ਕਰਨ ਦਾ ਮੌਕਾ ਮਿਲੇਗਾ। ਸਾਲ ਦੀ ਸ਼ੁਰੂਆਤ ਵਿੱਚ ਤੁਹਾਨੂੰ ਵਿਦੇਸ਼ ਯਾਤਰਾ ਕਰਨ ਦਾ ਮੌਕਾ ਮਿਲ ਸਕਦਾ ਹੈ। ਨਿਵੇਸ਼ ਦੇ ਲਈ ਤੁਹਾਨੂੰ ਇੱਕ ਠੋਸ ਰਣਨੀਤੀ ਅਪਣਾਉਣ ਦੀ ਜ਼ਰੂਰਤ ਹੋਵੇਗੀ। ਸਾਲ ਦੀ ਪਹਿਲੀ ਤਿਮਾਹੀ ਕਮਜ਼ੋਰ ਰਹੇਗੀ। ਦਸੰਬਰ ਤੱਕ ਅੱਠਵੇਂ ਘਰ ਵਿੱਚ ਰਾਹੂ ਦੀ ਮੌਜੂਦਗੀ ਅਚਾਨਕ ਵਿੱਤੀ ਲਾਭ ਦੀ ਸੰਭਾਵਨਾ ਪੈਦਾ ਕਰੇਗੀ, ਪਰ ਸਮਝਦਾਰੀ ਨਾਲ ਨਿਵੇਸ਼ ਕਰਨ ਵਿੱਚ ਅਸਫਲ ਰਹਿਣ ਨਾਲ ਤੁਹਾਨੂੰ ਵਿੱਤੀ ਨੁਕਸਾਨ ਹੋ ਸਕਦਾ ਹੈ। ਵਿਦਿਆਰਥੀਆਂ ਨੂੰ ਇਸ ਸਾਲ ਪ੍ਰਤੀਯੋਗਿਤਾ ਪ੍ਰੀਖਿਆਵਾਂ ਵਿੱਚ ਸਫਲ ਹੋਣ ਦਾ ਸੁਨਹਿਰੀ ਮੌਕਾ ਮਿਲੇਗਾ। ਲੰਬੀ ਦੂਰੀ ਦੀ ਯਾਤਰਾ ਦੀਆਂ ਮਜ਼ਬੂਤ ਸੰਭਾਵਨਾਵਾਂ ਹਨ। ਆਪਣੀ ਸਿਹਤ ਦਾ ਧਿਆਨ ਰੱਖੋ।

ਸਿੰਘ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਸਿੰਘ ਰਾਸ਼ੀ ਵਾਲ਼ਿਆਂ ਨੂੰ ਸਿਹਤ ਸਬੰਧੀ ਮੁੱਦਿਆਂ 'ਤੇ ਖ਼ਾਸ ਧਿਆਨ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ। ਸਿੰਘ ਰਾਸ਼ੀ ਦੇ ਜਾਤਕਾਂ ਦੇ ਪੰਜਵੇਂ ਘਰ ਵਿੱਚ ਸਾਲ ਦੀ ਸ਼ੁਰੂਆਤ ਵਿੱਚ ਚਾਰ ਗ੍ਰਹਿ ਬਿਰਾਜਮਾਨ ਹੋਣਗੇ ਅਤੇ ਸ਼ਨੀ ਅਤੇ ਬ੍ਰਹਸਪਤੀ ਵਰਗੇ ਗ੍ਰਹਿ ਵੀ ਪੰਜਵੇਂ ਘਰ 'ਤੇ ਦ੍ਰਿਸ਼ਟੀ ਸੁੱਟਣਗੇ, ਜਿਸ ਨਾਲ ਪੇਟ ਨਾਲ਼ ਸਬੰਧਤ ਸਮੱਸਿਆਵਾਂ ਵਧ ਸਕਦੀਆਂ ਹਨ। ਵਿਦਿਆਰਥੀਆਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਉਨ੍ਹਾਂ ਦੀ ਇਕਾਗਰਤਾ ਘੱਟ ਹੋ ਜਾਵੇਗੀ। ਇਹ ਸਾਲ ਪ੍ਰੇਮ ਸਬੰਧੀ ਮਾਮਲਿਆਂ ਲਈ ਚੰਗਾ ਰਹੇਗਾ, ਪਰ ਇੱਕ ਤੋਂ ਵੱਧ ਸਾਥੀਆਂ ਨਾਲ ਤੁਹਾਡੇ ਪ੍ਰੇਮ ਸਬੰਧ ਹੋਣ ਕਾਰਨ ਰਿਸ਼ਤੇ ਵਿੱਚ ਤਣਾਅ ਵਧ ਸਕਦਾ ਹੈ।

ਇਹ ਸਾਲ ਵਿਆਹੁਤਾ ਸਬੰਧਾਂ ਲਈ ਔਸਤ ਰਹੇਗਾ, ਇਸ ਲਈ ਤੁਹਾਨੂੰ ਆਪਣੇ ਜੀਵਨ ਸਾਥੀ ਦੇ ਨਾਲ ਆਪਣੇ ਤਾਲਮੇਲ ਨੂੰ ਬਿਹਤਰ ਬਣਾਉਣ 'ਤੇ ਵਧੇਰੇ ਧਿਆਨ ਦੇਣ ਦੀ ਜ਼ਰੂਰਤ ਹੋਵੇਗੀ। ਵਿੱਤੀ ਮੋਰਚੇ 'ਤੇ, ਸਾਲ ਦੀ ਸ਼ੁਰੂਆਤ ਬਹੁਤ ਵਧੀਆ ਹੋਵੇਗੀ, ਅਤੇ ਤੁਹਾਨੂੰ ਹਰ ਪਾਸਿਓਂ ਵਿੱਤੀ ਲਾਭ ਪ੍ਰਾਪਤ ਹੋਵੇਗਾ। ਹਾਲਾਂਕਿ, ਜੇਕਰ ਤੁਸੀਂ ਇਸ ਆਮਦਨ ਨੂੰ ਖਰਚ ਕਰਨ ਦੀ ਬਜਾਏ ਸਮਝਦਾਰੀ ਨਾਲ ਨਿਵੇਸ਼ ਕਰਨ 'ਤੇ ਧਿਆਨ ਕੇਂਦਰਿਤ ਕਰਦੇ ਹੋ, ਤਾਂ ਤੁਹਾਡੀ ਵਿੱਤੀ ਸਥਿਤੀ ਸਾਲ ਭਰ ਚੰਗੀ ਰਹੇਗੀ।

ਕੰਨਿਆ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਇਹ ਸਾਲ ਤੁਹਾਡੇ ਲਈ ਕਈ ਮਹੀਨਿਆਂ ਲਈ ਅਨੁਕੂਲ ਨਤੀਜੇ ਲਿਆਵੇਗਾ। ਤੁਸੀਂ ਸਾਲ ਦੇ ਸ਼ੁਰੂ ਵਿੱਚ ਜਾਇਦਾਦ ਖਰੀਦਣ ਵਿੱਚ ਸਫਲ ਹੋਵੋਗੇ। ਇਮਾਰਤ, ਜ਼ਮੀਨ ਜਾਂ ਮਕਾਨ ਖਰੀਦਣ ਅਤੇ ਵਾਹਨ ਖਰੀਦਣ ਦੇ ਮੌਕੇ ਹੋ ਸਕਦੇ ਹਨ। ਇਹ ਸਾਲ ਕਰੀਅਰ ਦੇ ਪੱਖ ਤੋਂ ਵੀ ਬਹੁਤ ਵਧੀਆ ਹੋ ਸਕਦਾ ਹੈ। ਤੁਹਾਨੂੰ ਆਪਣੀ ਨੌਕਰੀ ਵਿੱਚ ਸਫਲਤਾ ਮਿਲੇਗੀ ਅਤੇ ਆਪਣੇ ਅਨੁਭਵ ਤੋਂ ਲਾਭ ਹੋਵੇਗਾ। ਤੁਹਾਨੂੰ ਮਾਣ-ਸਨਮਾਨ ਵੀ ਮਿਲੇਗਾ। ਕਾਰੋਬਾਰੀਆਂ ਨੂੰ ਇਸ ਸਾਲ ਬਹੁਤ ਵਧੀਆ ਨਤੀਜੇ ਮਿਲਣਗੇ, ਅਤੇ ਖਾਸ ਕਰਕੇ ਸਾਲ ਦੇ ਦੂਜੇ ਅੱਧ ਵਿੱਚ ਤੁਹਾਨੂੰ ਕਾਰੋਬਾਰ ਵਿੱਚ ਬਹੁਤ ਸਫਲਤਾ ਮਿਲੇਗੀ।

ਸਾਲ ਦੇ ਦੂਜੇ ਅੱਧ ਤੋਂ ਤੁਹਾਡੀ ਵਿੱਤੀ ਸਥਿਤੀ ਵੀ ਮਜ਼ਬੂਤ ਹੋਣੀ ਸ਼ੁਰੂ ਹੋ ਜਾਵੇਗੀ, ਅਤੇ ਬਹੁਤ ਸਾਰੇ ਮਾਮਲਿਆਂ ਵਿੱਚ ਤੁਹਾਨੂੰ ਦੌਲਤ ਹਾਸਲ ਕਰਨ ਦੇ ਮੌਕੇ ਮਿਲਣਗੇ। ਤੁਹਾਡੇ ਪ੍ਰੇਮ ਸਬੰਧਾਂ ਦੇ ਮਾਮਲੇ ਵਿੱਚ ਸਾਲ ਦੇ ਦੂਜੇ ਮਹੀਨੇ ਤੋਂ ਪ੍ਰੇਮ ਸਬੰਧ ਵਿੱਚ ਮਜ਼ਬੂਤੀ ਆਵੇਗੀ ਅਤੇ ਤੁਸੀਂ ਆਪਣੇ ਪ੍ਰੇਮੀ ਨਾਲ ਵਿਆਹ, ਭਾਵ ਪ੍ਰੇਮ ਵਿਆਹ ਕਰਨ ਵਿੱਚ ਸਫਲ ਹੋ ਸਕਦੇ ਹੋ। ਕੁਆਰੇ ਜਾਤਕਾਂ ਦਾ ਵਿਆਹ ਹੋ ਸਕਦਾ ਹੈ। ਵਿਆਹੇ ਜਾਤਕਾਂ ਲਈ, ਤੁਹਾਡੇ ਕੰਮਕਾਜੀ ਜੀਵਨ ਸਾਥੀ ਤੋਂ ਤੁਹਾਨੂੰ ਸਹਿਯੋਗ ਮਿਲੇਗਾ ਅਤੇ ਆਪਸੀ ਪਿਆਰ ਵਧੇਗਾ।

ਤੁਹਾਡੇ ਜੀਵਨ ਸਾਥੀ ਦੀ ਸਲਾਹ ਵੀ ਬਹੁਤ ਮੱਦਦਗਾਰ ਹੋਵੇਗੀ। ਇਹ ਮਹੀਨਾ ਵਿਦਿਆਰਥੀਆਂ ਲਈ ਚੰਗਾ ਰਹੇਗਾ, ਅਤੇ ਸਖ਼ਤ ਮਿਹਨਤ ਨਾਲ ਉੱਤਮ ਲਾਭ ਮਿਲਣਗੇ। ਪ੍ਰਤੀਯੋਗਿਤਾ ਪ੍ਰੀਖਿਆਵਾਂ ਵਿੱਚ ਸਫਲਤਾ ਵੀ ਸੰਭਵ ਹੈ। ਇਸ ਸਾਲ ਤੁਹਾਨੂੰ ਬੇਲੋੜੇ ਖਰਚਿਆਂ ਤੋਂ ਬਚਣਾ ਚਾਹੀਦਾ ਹੈ। ਸਿਹਤ ਠੀਕ ਰਹੇਗੀ, ਪਰ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਨਾ ਕਰੋ। ਵਿਦੇਸ਼ ਯਾਤਰਾ ਵਿੱਚ ਰੁਕਾਵਟਾਂ ਆ ਸਕਦੀਆਂ ਹਨ।

ਤੁਲਾ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਤੁਲਾ ਰਾਸ਼ੀ ਦੇ ਜਾਤਕਾਂ ਨੂੰ ਸਾਲ ਦੀ ਸ਼ੁਰੂਆਤ ਵਿੱਚ ਯਾਤਰਾ ਕਰਨ ਦਾ ਮੌਕਾ ਮਿਲੇਗਾ। ਲੰਬੀਆਂ ਅਤੇ ਚੰਗੀਆਂ ਯਾਤਰਾਵਾਂ ਸੰਭਵ ਹੋਣਗੀਆਂ, ਅਤੇ ਦੋਸਤਾਂ ਨਾਲ ਮੌਜ-ਮਸਤੀ ਕਰਨ ਦੇ ਮੌਕੇ ਮਿਲਣਗੇ। ਤੀਰਥ ਯਾਤਰਾਵਾਂ ਦੇ ਵੀ ਮੌਕੇ ਮਿਲਣਗੇ। ਇਹ ਸਾਲ ਪ੍ਰੇਮ ਸਬੰਧਾਂ ਲਈ ਚੰਗਾ ਹੈ, ਪਰ ਆਪਣੇ ਪ੍ਰੇਮੀ ਨਾਲ ਕੀਤੇ ਵਾਅਦੇ ਨੂੰ ਨਿਭਾਉਣ ਨਾਲ ਤੁਹਾਡੇ ਰਿਸ਼ਤੇ ਵਿੱਚ ਸੁਧਾਰ ਹੋਵੇਗਾ। ਜੇਕਰ ਤੁਸੀਂ ਵਿਆਹੇ ਹੋਏ ਹੋ, ਤਾਂ ਇਹ ਮਹੀਨਾ ਉਤਾਰ-ਚੜ੍ਹਾਅ ਨਾਲ ਭਰਿਆ ਹੋ ਸਕਦਾ ਹੈ ਅਤੇ ਤੁਹਾਡੇ ਜੀਵਨ ਸਾਥੀ ਦੀ ਸਿਹਤ ਅਤੇ ਸੁਭਾਅ ਤੁਹਾਡੇ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

ਤੁਸੀਂ ਸਾਲ ਦੇ ਮੱਧ ਵਿੱਚ ਆਪਣੇ ਪਰਿਵਾਰਕ ਜੀਵਨ ਵਿੱਚ ਵਧੀ ਹੋਈ ਖੁਸ਼ੀ ਅਤੇ ਸਰੋਤਾਂ ਦਾ ਅਨੁਭਵ ਕਰੋਗੇ। ਪਰਿਵਾਰ ਦੇ ਅੰਦਰ ਪਿਆਰ ਅਤੇ ਸਨੇਹ ਵਧੇਗਾ ਅਤੇ ਤੁਹਾਨੂੰ ਪਰਿਵਾਰ ਦੇ ਸੀਨੀਅਰ ਮੈਂਬਰਾਂ ਦਾ ਸਹਿਯੋਗ ਅਤੇ ਅਸ਼ੀਰਵਾਦ ਪ੍ਰਾਪਤ ਹੋਵੇਗਾ, ਜੋ ਤੁਹਾਡੇ ਸਾਰੇ ਕੰਮਾਂ ਨੂੰ ਪੂਰਾ ਕਰਨ ਵਿੱਚ ਤੁਹਾਡੀ ਮੱਦਦ ਕਰੇਗਾ। ਇਹ ਸਾਲ ਤੇਜ਼ ਬੁੱਧੀ ਵਾਲੇ ਵਿਦਿਆਰਥੀਆਂ ਲਈ ਹਰ ਕੋਸ਼ਿਸ਼ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸ਼ਾਨਦਾਰ ਰਹੇਗਾ। ਤੁਹਾਨੂੰ ਆਪਣੀਆਂ ਯੋਗਤਾਵਾਂ ਨੂੰ ਘੱਟ ਨਾ ਸਮਝਣ ਅਤੇ ਸਖ਼ਤ ਮਿਹਨਤ ਕਰਨ ਤੋਂ ਬਚਣ ਦੀ ਜ਼ਰੂਰਤ ਹੋਵੇਗੀ। ਤੁਹਾਡੀ ਨੌਕਰੀ ਦੀ ਸਥਿਤੀ ਚੰਗੀ ਰਹੇਗੀ ਅਤੇ ਤੁਹਾਡੀ ਮਿਹਨਤ ਤੁਹਾਨੂੰ ਇੱਕ ਸ਼ਾਨਦਾਰ ਕਰੀਅਰ ਵੱਲ ਲੈ ਜਾਵੇਗੀ।

ਬ੍ਰਿਸ਼ਚਕ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਬ੍ਰਿਸ਼ਚਕ ਰਾਸ਼ੀ ਦੇ ਜਾਤਕਾਂ ਦੇ ਲਈ ਇਹ ਸਾਲ ਅਨੁਕੂਲ ਰਹਿਣ ਦੀ ਸੰਭਾਵਨਾ ਹੈ। ਸਾਲ ਦੀ ਸ਼ੁਰੂਆਤ ਵਿੱਚ ਦੂਜੇ ਘਰ 'ਤੇ ਛੇ ਗ੍ਰਹਾਂ ਦਾ ਪ੍ਰਭਾਵ ਦੌਲਤ ਇਕੱਠੀ ਕਰਨ ਦੇ ਮਜ਼ਬੂਤ ਮੌਕੇ ਪੈਦਾ ਕਰੇਗਾ। ਇਹ ਤੁਹਾਡੀ ਵਿੱਤੀ ਸਥਿਤੀ ਨੂੰ ਮਜ਼ਬੂਤ ਕਰੇਗਾ ਅਤੇ ਤੁਹਾਡੇ ਬੈਂਕ ਬੈਲੇਂਸ ਨੂੰ ਵਧਾਏਗਾ। ਵਿੱਤੀ ਯੋਜਨਾਵਾਂ ਦਾ ਤੁਹਾਨੂੰ ਵੀ ਫਾਇਦਾ ਹੋਵੇਗਾ, ਅਤੇ ਤੁਹਾਡੇ ਪਿਛਲੇ ਨਿਵੇਸ਼ ਸੰਭਾਵਤ ਤੌਰ 'ਤੇ ਮੁਨਾਫਾ ਦੇਣਗੇ ਅਤੇ ਤੁਹਾਡੀ ਵਿੱਤੀ ਸਥਿਤੀ ਵਿੱਚ ਸੁਧਾਰ ਕਰਨਗੇ।

ਇਸ ਸਾਲ ਤੁਹਾਨੂੰ ਆਪਣੇ ਪਰਿਵਾਰ ਵਿੱਚ ਉਤਾਰ-ਚੜ੍ਹਾਅ ਦੇਖਣ ਨੂੰ ਮੀ ਸਕਦਾ ਹੈ, ਇਸ ਲਈ ਤੁਹਾਨੂੰ ਆਪਣੇ ਸਬੰਧਾਂ ਨੂੰ ਸੰਭਾਲਣ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੋਵੇਗੀ। ਜੇਕਰ ਤੁਸੀਂ ਕਿਸੇ ਦੇ ਨਾਲ਼ ਪ੍ਰੇਮ ਸਬੰਧ ਵਿੱਚ ਹੋ, ਤਾਂ ਇਸ ਸਾਲ ਦੀ ਸ਼ੁਰੂਆਤ ਚੁਣੌਤੀਪੂਰਨ ਹੋ ਸਕਦੀ ਹੈ, ਪਰ ਮਹੀਨੇ ਦਾ ਦੂਜਾ ਅੱਧ ਅਨੁਕੂਲ ਰਹੇਗਾ, ਜੋ ਤੀਰਥ ਯਾਤਰਾਵਾਂ ਅਤੇ ਲੰਬੀਆਂ ਯਾਤਰਾਵਾਂ ਦੇ ਮੌਕੇ ਪ੍ਰਦਾਨ ਕਰੇਗਾ। ਵਿਆਹੇ ਜਾਤਕਾਂ ਦੇ ਲਈ ਇਹ ਸਾਲ ਅਨੁਕੂਲ ਹੋ ਸਕਦਾ ਹੈ। ਜਿਹੜੇ ਜਾਤਕ ਆਪਣੇ ਜੀਵਨ ਸਾਥੀ ਦੇ ਨਾਲ ਮਿਲ ਕੇ ਕੰਮ ਕਰਦੇ ਹਨ, ਉਨ੍ਹਾਂ ਨੂੰ ਚੰਗੀ ਸਫਲਤਾ ਮਿਲ ਸਕਦੀ ਹੈ।

ਧਨੂੰ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਧਨੂੰ ਰਾਸ਼ੀ ਦੇ ਲੋਕਾਂ ਲਈ ਸਾਲ 2026 ਦੀ ਸ਼ੁਰੂਆਤ ਚੰਗੀ ਹੋਣ ਦੀ ਉਮੀਦ ਹੈ। ਹਾਲਾਂਕਿ, ਸਾਲ ਦੀ ਸ਼ੁਰੂਆਤ ਵਿੱਚ ਤੁਹਾਡੀ ਰਾਸ਼ੀ ਵਿੱਚ ਸੂਰਜ ਅਤੇ ਮੰਗਲ ਵਰਗੇ ਗਰਮ ਗ੍ਰਹਾਂ ਦੇ ਮਜ਼ਬੂਤ ਪ੍ਰਭਾਵ ਕਾਰਨ ਆਪਣੇ ਗੁੱਸੇ ਅਤੇ ਵਿਵਹਾਰ ਨੂੰ ਕਾਬੂ ਕਰਨਾ ਜ਼ਰੂਰੀ ਹੋਵੇਗਾ, ਨਹੀਂ ਤਾਂ ਚੀਜ਼ਾਂ ਗਲਤ ਹੋ ਸਕਦੀਆਂ ਹਨ ਅਤੇ ਰਿਸ਼ਤੇ ਤਣਾਅਪੂਰਨ ਹੋ ਸਕਦੇ ਹਨ। ਵਿਆਹੇ ਜਾਤਕਾਂ ਲਈ ਸਾਲ ਦੀ ਸ਼ੁਰੂਆਤ ਥੋੜ੍ਹੀ ਤਣਾਅਪੂਰਨ ਹੋ ਸਕਦੀ ਹੈ, ਪਰ ਉਸ ਤੋਂ ਬਾਅਦ ਪੂਰਾ ਸਾਲ ਮੁਕਾਬਲਤਨ ਵਧੀਆ ਰਹੇਗਾ ਅਤੇ ਆਪਸੀ ਰਿਸ਼ਤੇ ਮਜ਼ਬੂਤ ਹੋਣਗੇ।

ਇਹ ਸਾਲ ਰੋਮਾਂਟਿਕ ਮਾਮਲਿਆਂ ਲਈ ਚੰਗਾ ਰਹੇਗਾ। ਤੁਸੀਂ ਆਪਣੇ ਰਿਸ਼ਤੇ ਵਿੱਚ ਟਿਕੇ ਰਹੋਗੇ ਅਤੇ ਇੱਕ-ਦੂਜੇ 'ਤੇ ਪੂਰਾ ਭਰੋਸਾ ਰੱਖੋਗੇ। ਵਿਦਿਆਰਥੀਆਂ ਦੇ ਮਾਮਲੇ ਵਿੱਚ, ਤੁਹਾਨੂੰ ਤੁਹਾਡੀ ਮਿਹਨਤ ਦਾ ਫਲ ਮਿਲੇਗਾ ਅਤੇ ਤੁਸੀਂ ਆਪਣੀ ਪੜ੍ਹਾਈ ਵਿੱਚ ਚੰਗੀ ਸਫਲਤਾ ਪ੍ਰਾਪਤ ਕਰੋਗੇ। ਕਰੀਅਰ ਦੇ ਸਬੰਧ ਵਿੱਚ, ਨੌਕਰੀ ਕਰਨ ਵਾਲ਼ਿਆਂ ਨੂੰ ਇਸ ਸਾਲ ਤਰੱਕੀ ਮਿਲ ਸਕਦੀ ਹੈ, ਅਤੇ ਉਨ੍ਹਾਂ ਦੇ ਯਤਨ ਸਫਲ ਹੋਣਗੇ, ਜਦੋਂ ਕਿ ਕਾਰੋਬਾਰ ਵਿੱਚ ਰਹਿਣ ਵਾਲ਼ਿਆਂ ਨੂੰ ਬਹੁਪੱਖੀ ਲਾਭ ਅਤੇ ਕਾਰੋਬਾਰੀ ਵਿਕਾਸ ਦਾ ਅਨੁਭਵ ਹੋਣ ਦੀ ਸੰਭਾਵਨਾ ਹੈ।

ਮਕਰ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਮਕਰ ਰਾਸ਼ੀ ਦੇ ਲੋਕਾਂ ਲਈ, ਸਾਲ ਦੀ ਸ਼ੁਰੂਆਤ ਤੁਹਾਡੇ ਲਈ ਥੋੜ੍ਹੀ ਕਮਜ਼ੋਰ ਹੋਵੇਗੀ, ਕਿਉਂਕਿ ਚਾਰ ਗ੍ਰਹਿ – ਸੂਰਜ, ਮੰਗਲ, ਬੁੱਧ ਅਤੇ ਸ਼ੁੱਕਰ – ਤੁਹਾਡੇ ਬਾਰ੍ਹਵੇਂ ਘਰ ਵਿੱਚ ਹੋਣਗੇ ਅਤੇ ਉਨ੍ਹਾਂ 'ਤੇ ਛੇਵੇਂ ਘਰ ਵਿੱਚ ਬੈਠੇ ਵੱਕਰੀ ਬ੍ਰਹਸਪਤੀ ਅਤੇ ਤੀਜੇ ਘਰ ਵਿੱਚ ਬੈਠੇ ਸ਼ਨੀ ਦੀ ਦ੍ਰਿਸ਼ਟੀ ਵੀ ਹੋਵੇਗੀ। ਹਾਲਾਂਕਿ, ਤੁਹਾਨੂੰ ਵਿਦੇਸ਼ ਯਾਤਰਾ ਵਿੱਚ ਸਫਲਤਾ ਮਿਲ ਸਕਦੀ ਹੈ, ਅਤੇ ਵਿਦੇਸ਼ੀ ਵਪਾਰ ਲਾਭ ਦੇ ਮੌਕੇ ਪੈਦਾ ਕਰੇਗਾ। ਤੁਸੀਂ ਕੰਮ ਲਈ ਵਿਦੇਸ਼ ਯਾਤਰਾ ਵੀ ਕਰ ਸਕਦੇ ਹੋ। ਸਾਲ ਦਾ ਦੂਜਾ ਅੱਧ ਤੁਹਾਡੇ ਖਰਚਿਆਂ ਵਿੱਚ ਕਮੀ ਅਤੇ ਤੁਹਾਡੀ ਆਮਦਨ ਵਿੱਚ ਵਾਧਾ ਲਿਆਵੇਗਾ, ਜਿਸ ਨਾਲ ਸਾਲ ਦੇ ਅੱਗੇ ਵਧਣ ਦੇ ਨਾਲ-ਨਾਲ ਤੁਹਾਡੀ ਵਿੱਤੀ ਸਥਿਤੀ ਵਿੱਚ ਹੌਲ਼ੀ-ਹੌਲ਼ੀ ਸੁਧਾਰ ਹੋਵੇਗਾ।

ਇਹ ਸਾਲ ਵਿਦਿਆਰਥੀਆਂ ਦੇ ਲਈ ਮੁਸ਼ਕਲ ਚੁਣੌਤੀਆਂ ਵਾਲ਼ਾ ਸਾਲ ਹੋਵੇਗਾ, ਕਿਉਂਕਿ ਬਹੁਤ ਸਾਰੀਆਂ ਘਟਨਾਵਾਂ ਤੁਹਾਡਾ ਧਿਆਨ ਖਿੱਚਣਗੀਆਂ ਅਤੇ ਪੜ੍ਹਾਈ ਵਿੱਚ ਸਮੱਸਿਆਵਾਂ ਪੈਦਾ ਕਰਨਗੀਆਂ। ਸਾਲ ਦੀ ਸ਼ੁਰੂਆਤ ਵਿੱਚ ਪਰਿਵਾਰਕ ਸਬੰਧਾਂ ਵਿੱਚ ਕੁਝ ਸਮੱਸਿਆਵਾਂ ਪੈਦਾ ਹੋਣਗੀਆਂ, ਪਰ ਉਹ ਦੂਜੀ ਤਿਮਾਹੀ ਤੋਂ ਅਨੁਕੂਲ ਹੋ ਜਾਣਗੀਆਂ, ਅਤੇ ਤੁਸੀਂ ਸਮੱਸਿਆਵਾਂ ਵਿੱਚ ਕਮੀ ਦਾ ਅਨੁਭਵ ਕਰੋਗੇ।

ਕੁੰਭ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਕੁੰਭ ਰਾਸ਼ੀ ਦੇ ਲੋਕਾਂ ਲਈ ਇਹ ਸਾਲ ਸ਼ੁਰੂ ਵਿੱਚ ਚੰਗੀ ਸਫਲਤਾ ਅਤੇ ਆਮਦਨ ਲਿਆਵੇਗਾ। ਸਾਲ ਦੇ ਸ਼ੁਰੂ ਵਿੱਚ ਚਾਰ ਗ੍ਰਹਿ ਤੁਹਾਡੇ ਗਿਆਰ੍ਹਵੇਂ ਘਰ ਵਿੱਚ ਹੋਣਗੇ, ਅਤੇ ਸ਼ਨੀ ਅਤੇ ਵੱਕਰੀ ਬ੍ਰਹਸਪਤੀ ਵੀ ਉਨ੍ਹਾਂ 'ਤੇ ਨਜ਼ਰ ਰੱਖਣਗੇ। ਨਤੀਜੇ ਵਜੋਂ, ਤੁਹਾਡੀ ਆਮਦਨ ਵਿੱਚ ਕਾਫ਼ੀ ਵਾਧਾ ਹੋਵੇਗਾ। ਜੇਕਰ ਤੁਸੀਂ ਸਾਲ ਦੀ ਸ਼ੁਰੂਆਤ ਤੋਂ ਕਮਾਈ ਕਰਨ ਤੋਂ ਬਾਅਦ ਆਪਣੇ ਪੈਸੇ ਨੂੰ ਸਹੀ ਢੰਗ ਨਾਲ ਨਿਵੇਸ਼ ਕਰਦੇ ਹੋ, ਤਾਂ ਪੂਰਾ ਸਾਲ ਤੁਹਾਡੇ ਲਈ ਵਿੱਤੀ ਖੁਸ਼ਹਾਲੀ ਲਿਆਵੇਗਾ। ਤੁਹਾਨੂੰ ਇਸ ਸਾਲ ਆਪਣੀ ਸੰਤਾਨ ਸਬੰਧੀ ਚੰਗੀ ਖ਼ਬਰ ਮਿਲ ਸਕਦੀ ਹੈ। ਜੇਕਰ ਤੁਸੀਂ ਇੱਕ ਬੱਚੇ ਦੀ ਇੱਛਾ ਰੱਖਦੇ ਹੋ, ਤਾਂ ਤੁਹਾਨੂੰ ਸਾਲ ਦੇ ਪਹਿਲੇ ਅੱਧ ਵਿੱਚ ਚੰਗੀ ਖ਼ਬਰ ਮਿਲ ਸਕਦੀ ਹੈ। ਇਹ ਸਾਲ ਤੁਹਾਡੇ ਰੋਮਾਂਟਿਕ ਰਿਸ਼ਤਿਆਂ ਵਿੱਚ ਖੁਸ਼ੀ ਲਿਆਵੇਗਾ ਅਤੇ ਤੁਹਾਡੇ ਪ੍ਰੇਮੀ ਦੇ ਨਾਲ ਤੁਹਾਡੀ ਨੇੜਤਾ ਨੂੰ ਮਜ਼ਬੂਤ ਕਰੇਗਾ।

ਵਿਆਹੁਤਾ ਰਿਸ਼ਤਿਆਂ ਵਿੱਚ ਤਣਾਅ ਵਧ ਸਕਦਾ ਹੈ ਅਤੇ ਵਧਦੇ ਟਕਰਾਅ ਨਾਲ ਰਿਸ਼ਤੇ ਵਿੱਚ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਪਰਿਵਾਰਕ ਸਬੰਧ ਠੀਕ ਰਹਿਣਗੇ, ਪਰ ਬਹੁਤ ਜ਼ਿਆਦਾ ਸੱਚ ਬੋਲਣ ਨਾਲ ਕਈ ਵਾਰ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਕਰੀਅਰ ਦੇ ਸਬੰਧ ਵਿੱਚ, ਨੌਕਰੀ ਕਰਨ ਵਾਲ਼ਿਆਂ ਨੂੰ ਸਾਲ ਦੀ ਪਹਿਲੀ ਤਿਮਾਹੀ ਵਿੱਚ ਕੁਝ ਚੰਗੀ ਖ਼ਬਰ ਮਿਲ ਸਕਦੀ ਹੈ, ਜਦੋਂ ਕਿ ਕਾਰੋਬਾਰ ਕਰਨ ਵਾਲ਼ਿਆਂ ਨੂੰ ਇਸ ਸਾਲ ਦੇ ਦੌਰਾਨ ਬਹੁਤ ਸਾਵਧਾਨੀ ਨਾਲ ਅੱਗੇ ਵਧਣ ਅਤੇ ਆਪਣੀਆਂ ਯੋਜਨਾਵਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ 'ਤੇ ਧਿਆਨ ਦੇਣ ਦੀ ਜ਼ਰੂਰਤ ਹੋਵੇਗੀ।

ਮੀਨ ਰਾਸ਼ੀ

2026 ਰਾਸ਼ੀਫਲ ਦੇ ਅਨੁਸਾਰ, ਮੀਨ ਰਾਸ਼ੀ ਵਾਲ਼ਿਆਂ ਲਈ, 2026 ਦੀ ਸ਼ੁਰੂਆਤ ਤੁਹਾਡੇ ਕਰੀਅਰ ਲਈ ਬਹੁਤ ਮਹੱਤਵਪੂਰਨ ਹੋਵੇਗੀ। ਸਾਲ ਦੀ ਸ਼ੁਰੂਆਤ ਵਿੱਚ ਦਸਵੇਂ ਘਰ 'ਤੇ ਛੇ ਗ੍ਰਹਾਂ ਦਾ ਪ੍ਰਭਾਵ ਤੁਹਾਡੀ ਨੌਕਰੀ ਵਿੱਚ ਉਤਾਰ-ਚੜ੍ਹਾਅ ਲਿਆਵੇਗਾ। ਤੁਹਾਨੂੰ ਸਾਵਧਾਨੀ ਅਤੇ ਸੰਜਮ ਨਾਲ ਵਿਵਹਾਰ ਕਰਨ ਦੀ ਜ਼ਰੂਰਤ ਹੋਵੇਗੀ। ਇਹ ਯਕੀਨੀ ਬਣਾਓ ਕਿ ਤੁਸੀਂ ਕਾਰਜ ਸਥਾਨ ਵਿੱਚ ਕਿਸੇ ਨਾਲ ਟਕਰਾਅ ਵਿੱਚ ਨਾ ਪਓ, ਤਾਂ ਕਿ ਆਉਣ ਵਾਲ਼ਾ ਸਮਾਂ ਚੰਗਾ ਰਹੇ। ਕੰਮ ਦਾ ਦਬਾਅ ਸਾਲ ਭਰ ਮੌਜੂਦ ਰਹੇਗਾ, ਪਰ ਇਸ ਦਾ ਫਲ਼ ਜ਼ਰੂਰ ਮਿਲੇਗਾ। ਕਾਰੋਬਾਰੀ ਲੋਕਾਂ ਲਈ ਇਹ ਸਾਲ ਸ਼ੁਰੂਆਤ ਤੋਂ ਹੀ ਸਕਾਰਾਤਮਕ ਨਤੀਜੇ ਅਤੇ ਸਫਲਤਾ ਲਿਆ ਸਕਦਾ ਹੈ।

ਪਰਿਵਾਰਕ ਸਬੰਧਾਂ ਵਿੱਚ, ਆਪਸੀ ਪਿਆਰ ਦੇ ਨਾਲ-ਨਾਲ ਕੁਝ ਉਤਾਰ-ਚੜ੍ਹਾਅ ਆ ਸਕਦੇ ਹਨ, ਜੋ ਸਮੇਂ ਦੇ ਨਾਲ ਘੱਟ ਹੋ ਜਾਣਗੇ। ਇਹ ਸਾਲ ਸਿਹਤ ਦੇ ਦ੍ਰਿਸ਼ਟੀਕੋਣ ਤੋਂ ਵੀ ਉਤਾਰ-ਚੜ੍ਹਾਅ ਦੇ ਸਕਦਾ ਹੈ, ਇਸ ਲਈ ਤੁਹਾਨੂੰ ਸਿਹਤ ਸਬੰਧੀ ਸਮੱਸਿਆਵਾਂ ਦੇ ਪ੍ਰਤੀ ਸਾਵਧਾਨ ਰਹਿਣਾ ਚਾਹੀਦਾ ਹੈ। ਜੇਕਰ ਤੁਸੀਂ ਕਿਸੇ ਰੋਮਾਂਟਿਕ ਰਿਸ਼ਤੇ ਵਿੱਚ ਹੋ, ਤਾਂ ਸਾਲ ਇੱਕ ਰੋਲਰਕੋਸਟਰ ਦੀ ਸਵਾਰੀ ਹੋਵੇਗਾ। ਕਈ ਵਾਰ ਚੀਜ਼ਾਂ ਬਹੁਤ ਵਧੀਆ ਮਹਿਸੂਸ ਹੋਣਗੀਆਂ, ਅਤੇ ਕਈ ਵਾਰ ਸਮੱਸਿਆਵਾਂ ਪੈਦਾ ਹੋਣਗੀਆਂ। ਤੁਹਾਨੂੰ ਬਹੁਤ ਠੰਢੇ ਦਿਮਾਗ ਨਾਲ ਆਪਣੇ ਰਿਸ਼ਤੇ ਨੂੰ ਬਚਾਉਣ 'ਤੇ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਹੋਵੇਗੀ। ਇਹ ਸਾਲ ਵਿਆਹੇ ਲੋਕਾਂ ਲਈ ਚੰਗਾ ਹੋ ਸਕਦਾ ਹੈ ਅਤੇ ਤੁਸੀਂ ਆਪਣੇ ਜੀਵਨ ਸਾਥੀ ਦੇ ਨਾਲ ਆਪਣੇ ਰਿਸ਼ਤੇ ਦਾ ਪੂਰਾ ਆਨੰਦ ਮਾਣੋਗੇ। ਭੈਣ-ਭਰਾਵਾਂ ਨਾਲ ਰਿਸ਼ਤੇ ਚੰਗੇ ਰਹਿਣਗੇ। ਇਹ ਸਾਲ ਵਿਦਿਆਰਥੀਆਂ ਲਈ ਚੰਗਾ ਰਹਿਣ ਦੀ ਸੰਭਾਵਨਾ ਹੈ।

# ਮਲਵਿੰਦਰ ਦੀ ਵਾਰਤਕ ਪੁਸਤਕ 'ਪਰਵਾਸ ਦੇ ਸਰੋਕਾਰ' ਪਰਵਾਸੀਆਂ ਦੀ ਖ਼ੂਬਸੂਰਤ ਦਾਸਤਾਨ...




ਮੁੱਢਲੇ ਤੌਰ 'ਤੇ ਮਲਵਿੰਦਰ ਕਵੀ ਹੈ। ਉਹ ਆਪਣੇ ਨਾਂ ਦੇ ਨਾਲ 'ਸ਼ਾਇਰ' ਤਖ਼ੱਲਸ ਵਜੋਂ ਵਰਤਦਾ ਹੈ ਤੇ ਇਹ ਕਾਫ਼ੀ ਹੱਦ ਤੱਕ ਜਚਦਾ ਵੀ ਹੈ। ਉਸਦਾ ਨਾਂ ਅਜੋਕੇ ਪੰਜਾਬੀ ਕਵੀਆਂ ਵਿੱਚ ਬਾਖ਼ੂਬੀ ਗਿਣਿਆਂ ਜਾਂਦਾ ਹੈ। 'ਗ਼ੈਰਹਾਜ਼ਰ ਪੀੜਾਂ ਦੀ ਕਥਾ' (2002) ਤੋਂ ਲੈ ਕੇ 'ਬਹਿਰ' (2025) ਤੱਕ ਕਵਿਤਾਵਾਂ ਦੀਆਂ ਉਸ ਦੀਆਂ ਹੁਣ ਤੀਕ ਨੌਂ ਕਿਤਾਬਾਂ ਆ ਚੁੱਕੀਆਂ ਹਨ, ਜਿਨ੍ਹਾਂ ਵਿੱਚ ਇੱਕ ਹਾਈਕੂ ਦੇ ਰੂਪ ਵਿੱਚ 'ਚਿੜੀਆਂ ਦਾ ਪਿੰਡ' (2012 ਤੇ 2020) ਅਤੇ ਇੱਕ ਹੋਰ ਬਾਲ-ਕਵਿਤਾ 'ਫੁੱਲਝੜੀ' (2019) ਸ਼ਾਮਲ ਹਨ। ਇਨ੍ਹਾਂ 9 ਪੁਸਤਕਾਂ ਵਿੱਚ ਸ਼ਾਮਲ 'ਸੁਪਨਿਆਂ ਦਾ ਪਿੱਛਾ ਕਰਦਿਆਂ' (2018) ਅਤੇ ਲੰਮੀ ਕਵਿਤਾ 'ਚੁੱਪ ਦੇ ਬਹਾਨੇ' (2020) ਕਾਵਿ-ਜਗਤ ਵਿੱਚ ਕਾਫ਼ੀ ਚਰਚਾ 'ਚ ਰਹੀਆਂ ਹਨ। ਮਲਵਿੰਦਰ ਦਾ ਨਾਂ ਅੱਜਕੱਲ੍ਹ ਪੰਜਾਬੀ ਦੇ ਜਾਣੇ-ਪਛਾਣੇ ਕਵੀਆਂ ਵਿੱਚ ਸ਼ੁਮਾਰ ਹੈ। 2023 ਵਿੱਚ ਛਪੀ 'ਚੁੱਪ ਦਾ ਮਰਮ ਪਛਾਣੀਏ' ਨਾਲ ਮਲਵਿੰਦਰ ਨੇ ਪੰਜਾਬੀ ਵਾਰਤਕ ਦੇ ਖ਼ੇਤਰ ਵਿੱਚ ਪੈਰ ਰੱਖਿਆ, ਜਿਸ ਵਿੱਚ ਉਸਨੇ ਵੱਖ-ਵੱਖ ਸਮੇਂ ਅਖ਼ਬਾਰਾਂ ਵਿੱਚ ਵੱਖ-ਵੱਖ ਵਿਸ਼ਿਆਂ ਉੱਪਰ ਛਪੇ ਆਪਣੇ ਆਰਟੀਕਲ ਸ਼ਾਮਲ ਕੀਤੇ ਹਨ। ਪੰਜਾਬੀ ਪਾਠਕਾਂ ਨੂੰ ਉਸਦੀ ਇਸ ਪਲੇਠੀ ਵਾਰਤਕ ਪੁਸਤਕ ਨੂੰ ਉਸਦੀ ਕਵਿਤਾ ਵਾਂਗ ਹੀ ਭਰਵਾਂ ਹੁੰਗਾਰਾ ਮਿਲਿਆ ਜਿਸ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਪਰਵਾਸ ਨਾਲ ਸਬੰਧਿਤ ਅਤੇ ਕਈ ਹੋਰ ਵਿਸ਼ਿਆਂ ਉੱਪਰ ਆਰਟੀਕਲ ਲਿਖੇ ਹਨ ਅਤੇ ਇਹ ਸਮੇਂ-ਸਮੇਂ ਪੰਜਾਬ ਅਤੇ ਕੈਨੇਡਾ ਦੀਆਂ ਨਾਮਵਰ ਅਖ਼ਬਾਰਾਂ ਵਿੱਚ ਛਪਦੇ ਰਹੇ ਹਨ।

ਮਲਵਿੰਦਰ ਦਾ ਬੇਟਾ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਦਾ ਪੱਕਾ ਵਸਨੀਕ ਹੈ ਅਤੇ ਇਸਦੇ ਸ਼ਹਿਰ ਬਰੈਂਪਟਨ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ ਅਤੇ ਇਸ ਤਰ੍ਹਾਂ ਮਲਵਿੰਦਰ ਸ਼ਾਇਰ ਦਾ ਆਪਣੀ ਪਤਨੀ ਦੇ ਨਾਲ ਇੱਥੇ ਬਰੈਂਪਟਨ ਵਿੱਚ ਲੱਗਭੱਗ ਹਰ ਸਾਲ ਗੇੜਾ ਵੱਜਦਾ ਰਹਿੰਦਾ ਹੈ। ਉਹ ਚਾਰ ਵਾਰ ਇੱਥੇ ਬਰੈਂਪਟਨ ਵਿੱਚ ਆ ਚੁੱਕਾ ਹੈ ਅਤੇ ਇੱਥੋਂ ਦੇ ਪਾਰਕਾਂ, ਕਮਿਊਨਿਟੀ ਸੈਂਟਰਾਂ, ਪਬਲਿਕ ਲਾਇਬ੍ਰੇਰੀਆਂ, ਸੀਨੀਅਰ ਬਜ਼ੁਰਗ ਸਾਥੀਆਂ ਤੇ ਸਾਹਿਤਕ ਅਦਾਰਿਆਂ ਦੇ ਨਾਲ ਆਪਣੀ 'ਯਾਰੀ' ਗੰਢ ਚੁੱਕਾ ਹੈ। ਇਸ ਦੌਰਾਨ ਉਸਨੇ ਕੈਨੇਡਾ ਦੇ 'ਪਰਵਾਸ' ਅਤੇ 'ਪਰਵਾਸੀ ਜੀਵਨ' ਨੂੰ ਬੜਾ ਨੇੜਿਉਂ ਵੇਖਿਆ, ਘੋਖਿਆ ਅਤੇ ਇਸ ਨੂੰ ਕਲਮਬੰਦ ਕੀਤਾ ਹੈ। ਹਥਲੀ ਇਸ ਦੂਸਰੀ ਵਾਰਤਕ ਪੁਸਤਕ 'ਪਰਵਾਸ ਦੇ ਸਰੋਕਾਰ' ਵਿੱਚ ਮਲਵਿੰਦਰ ਨੇ ਪਰਵਾਸ ਨਾਲ ਜੁੜੇ 28 ਆਰਟੀਕਲ ਸ਼ਾਮਲ ਕੀਤੇ ਹਨ। ਉਸਦੇ ਸਵੈ-ਕਥਨ 'ਪਰਵਾਸ ਦੇ ਸਰੋਕਾਰਾਂ ਵਿੱਚੋਂ ਲੰਘਦਿਆਂ' ਅਨੁਸਾਰ ਉਸਨੇ ਇਸ ਪੁਸਤਕ ਵਿੱਚ ਪਰਵਾਸ ਹੰਢਾ ਰਹੇ ਵੱਖ-ਵੱਖ ਉਮਰ ਦੇ ਲੋਕਾਂ ਦੀ ਮਾਨਸਿਕਤਾ ਨੂੰ ਫੜਨ ਦਾ ਯਤਨ ਕੀਤਾ ਹੈ ਅਤੇ ਪਰਵਾਸ ਨਾਲ ਜੁੜੇ ਹੋਰ ਬਹੁਤ ਸਾਰੇ ਅਨੁਭਵਾਂ ਬਾਰੇ ਲਿਖਿਆ ਹੈ। ਪਰਵਾਸ ਦੇ ਗੰਭੀਰ ਵਿਸ਼ੇ ਦੀ ਮਹੱਤਤਾ ਅਤੇ ਵਿਸ਼ਾਲਤਾ ਨੂੰ ਧਿਆਨ ਵਿੱਚ ਰੱਖਦਿਆਂ ਉਸਦੀ ਇਸ ਤੋਂ ਪਹਿਲਾਂ ਛਪੀ ਵਾਰਤਕ ਪੁਸਤਕ 'ਚੁੱਪ ਦਾ ਮਰਮ ਪਛਾਣੀਏ' ਵਿਚ ਦਰਜ ਪਰਵਾਸ ਨਾਲ ਸਬੰਧਿਤ ਕੁਝ ਆਰਟੀਕਲ, ਜਿਵੇਂ 'ਪਾਰਕਾਂ ਨੂੰ ਦੁੱਖ ਦੱਸਦੇ', 'ਕੈਨੇਡਾ ਵਿੱਚ ਪਾਰਕਾਂ ਨਾਲ ਸੰਵਾਦ', 'ਕੈਲਸੋ ਬੀਚ ਪਾਰਕ ਦੀ ਕੁਦਰਤ ਨਾਲ ਬਿਤਾਏ ਕੁਝ ਪਲ', ਆਦਿ ਇਸ ਪੁਸਤਕ ਦਾ ਵੀ ਹਿੱਸਾ ਬਣੇ ਹਨ।

ਪੁਸਤਕ ਵਿੱਚ ਮਲਵਿੰਦਰ ਕੈਨੇਡਾ ਦੇ ਸਿਸਟਮ ਨਾਲ ਜੁੜਦੀਆਂ ਕਦਰਾਂ-ਕੀਮਤਾਂ ਦੀ ਗੱਲ ਕਰਦਿਆਂ ਜਿੱਥੇ ਇੱਥੋਂ ਦੇ ਲੋਕਾਂ ਦੇ ਵਧੀਆ ਰਹਿਣ-ਸਹਿਣ, ਖਾਣ-ਪੀਣ, ਕਾਰ-ਵਿਹਾਰ, ਸਖ਼ਤ ਮਿਹਨਤ ਅਤੇ ਖ਼ੂਬਸੂਰਤ ਚਾਲ-ਚਲਣ ਬਾਰੇ ਦੱਸਦਾ ਹੈ, ਉੱਥੇ ਉਹ ਪਿਛਲੇ ਕੁਝ ਸਮੇਂ ਦੌਰਾਨ ਵਿਦਿਆਰਥੀ ਵੀਜ਼ੇ 'ਤੇ ਆਏ ਕੁਝ ਨੌਜੁਆਨਾਂ ਦੇ ਵਿਹਾਰ ਦੀਆਂ 'ਬੇ-ਤਰਤੀਬੀਆਂ' ਅਤੇ ਇਨ੍ਹਾਂ ਦੇ ਕਾਰਨ ਕੈਨੇਡਾ ਸਰਕਾਰ ਵੱਲੋਂ ਲਏ ਗਏ ਕੁਝ ਸਖ਼ਤ ਫ਼ੈਸਲਿਆਂ ਬਾਰੇ ਵੀ ਬਾਖ਼ੂਬੀ ਚਰਚਾ ਕਰਦਾ ਹੈ। ਉਸਦਾ ਨਿੱਜੀ ਅਨੁਭਵ ਹੈ ਕਿ ਗਿਣਤੀ ਦੇ ਕੁਝ ਕੁ ਪੰਜਾਬੀ ਨੌਜੁਆਨਾਂ ਵੱਲੋਂ ਕੀਤੀਆਂ ਗਈਆਂ ਤੇ ਕੀਤੀਆਂ ਜਾ ਰਹੀਆਂ ਬੇ-ਨਿਯਮੀਆਂ ਅਤੇ ਚੰਦ ਅਪਰਾਧਕ ਘਟਨਾਵਾਂ ਵਿੱਚ ਸ਼ਾਮਲ ਹੋਣ ਨਾਲ ਸਮੁੱਚੀ ਪੰਜਾਬੀ ਕਮਿਊਨਿਟੀ ਦਾ ਨਾਂ ਬੁਰੀ ਤਰ੍ਹਾਂ ਬਦਨਾਮ ਹੋ ਰਿਹਾ ਹੈ ਜਿਸ ਨੂੰ ਸੁਧਾਰਨ ਦੀ ਅਤੀ ਜ਼ਰੂਰਤ ਹੈ।

ਪਰਵਾਸ ਦੀ ਗੱਲ ਕਰਦਿਆਂ ਹੋਇਆਂ ਮਲਵਿੰਦਰ ਕਹਿੰਦਾ ਹੈ ਕਿ ਪਰਵਾਸ ਦੇ ਮੌਜੂਦਾ ਵਰਤਾਰੇ ਨੇ ਇੱਥੇ ਕੈਨੇਡਾ ਵਿੱਚ ਕਈ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਚਾਰ ਕਰੋੜ ਤੋਂ ਵੱਧ ਵਸੋਂ ਵਾਲੇ ਇਸ ਦੇਸ਼ ਵਿੱਚ ਇਨ੍ਹਾਂ ਚੁਣੌਤੀਆਂ ਵਿੱਚ ਇਹ ਵਾਧਾ ਅੰਤਰਰਾਸ਼ਟਰੀ ਪਰਵਾਸ ਦੇ ਕਾਰਨ ਹੋਇਆ ਹੈ। ਕੰਮਾਂ ਦੀ ਘਾਟ ਕਾਰਨ ਸਟੱਡੀ-ਵੀਜ਼ੇ 'ਤੇ ਇੱਥੇ ਆਏ ਵਿਦਿਆਰਥੀਆਂ ਨੂੰ ਰੋਜ਼ਗਾਰ ਨਹੀਂ ਮਿਲ ਰਿਰਾ, ਮਕਾਨਾਂ ਦੇ ਕਿਰਾਏ ਬਹੁਤ ਵੱਧ ਗਏ ਹਨ ਅਤੇ ਉਨ੍ਹਾਂ ਨੂੰ ਕਿਰਾਏ 'ਤੇ ਮਕਾਨ ਲੈਣ ਵਿੱਚ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਦੇ ਨਾਲ ਹੀ ਵਿਦਿਆਰਥੀਆਂ ਨੂੰ ਇੱਕ ਹੋਰ ਵੱਡੀ ਦਿੱਕਤ ਪੇਸ਼ ਆ ਰਹੀ ਹੈ ਕਿ ਕੈਨੇਡੀਅਨ ਸਰਕਾਰ ਨੇ ਪੋਸਟ ਗਰੈਜੂਏਟ ਵਰਕ ਪਰਮਿਟ-ਧਾਰਕਾਂ ਨੂੰ ਵਾਧੂ ਅਠਾਰਾਂ ਮਹੀਨੇ ਦੇ ਵਰਕ-ਪਰਮਿਟ ਜਾਰੀ ਕਰਨ ਦੀ ਅਸਥਾਈ ਨੀਤੀ ਨੂੰ ਨਾ ਵਧਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਨਾਲ ਵਰਕ-ਪਰਮਿਟਾਂ ਦੇ ਅੱਗੋਂ ਨਾ ਵੱਧਣ ਦੀ ਹਾਲਤ ਵਿੱਚ ਉਨ੍ਹਾਂ ਵਿਦਿਆਰਥੀਆਂ ਨੂੰ ਵਾਪਸ ਆਪਣੇ ਦੇਸ਼ ਪਰਤਣਾ ਪੈ ਰਿਹਾ ਹੈ। (ਪੰਨਾ-24)

ਕੈਨੇਡਾ ਵਿੱਚ ਜੂਝ ਰਹੇ ਪੰਜਾਬੀਆਂ ਦੀਆਂ ਸਮੱਸਿਆਵਾਂ ਦੀ ਚਿੰਤਾ ਦੇ ਨਾਲ਼ ਨਾਲ਼ ਮਲਵਿੰਦਰ ਇੱਥੇ ਕੈਨੇਡਾ ਵਿੱਚ ਪੰਜਾਬੀ ਬੋਲੀ ਤੇ ਭਾਸ਼ਾ ਲਈ ਵੀ ਓਨਾ ਹੀ ਫ਼ਿਕਰਮੰਦ ਹੈ। ਪੁਸਤਕ ਦੇ 'ਕੈਨੇਡਾ ਵਿੱਚ ਮਾਤ-ਭਾਸ਼ਾ ਦਾ ਵਰਤਮਾਨ ਤੇ ਭਵਿੱਖ' ਅਧਿਆਇ ਵਿੱਚ ਉਹ ਕਹਿੰਦਾ ਹੈ, "ਅਸੀਂ ਇਸ ਗੱਲ ਲਈ ਫ਼ਿਕਰਮੰਦ ਹੁੰਦੇ ਹਾਂ ਕਿ ਸਾਡੇ ਬੱਚੇ ਆਪਣੀ ਭਾਸ਼ਾ ਅਤੇ ਰਿਸ਼ਤਿਆਂ ਨੂੰ ਕਿਧਰੇ ਵਿਸਰ ਨਾ ਜਾਣ ਅਤੇ ਇਸ ਫ਼ਿਕਰ 'ਚੋਂ ਅਸੀਂ ਕੁਝ ਉਪਰਾਲੇ ਗ੍ਰਹਿਣ ਕਰਦੇ ਹਾਂ। (ਪੰਨਾ-30)

ਇਸਦੇ ਦੇ ਹੱਲ ਵਜੋਂ ਉਹ ਦੱਸਦਾ ਹੈ ਕਿ ਕੁਝ ਉਪਰਾਲਿਆਂ ਤਹਿਤ ਕੁਝ ਸਥਾਨਿਕ ਗੁਰਦਵਾਰਿਆਂ ਵਿੱਚ ਹਫ਼ਤੇ ਵਿੱਚ ਇੱਕ ਦਿਨ ਬੱਚਿਆਂ ਲਈ ਪੰਜਾਬੀ ਕਲਾਸਾਂ ਲੱਗਦੀਆਂ ਹਨ ਅਤੇ ਕਈਆਂ ਵਿੱਚ ਇਹ ਹਫ਼ਤੇ ਦੇ ਸਾਰੇ ਦਿਨਾਂ 'ਚ ਵੀ ਲੱਗਦੀਆਂ ਹਨ। ਇਸ ਦੇ ਨਾਲ ਹੀ ਕੁਝ ਕੁ ਚੋਣਵੇਂ ਸਕੂਲਾਂ ਵਿੱਚ ਵੀ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਹੈ,ਜਿੱਥੇ ਪੰਜਾਬੀ ਪੜ੍ਹਾਈ ਨਿਰਧਾਰਿਤ ਕੋਰਸਾਂ ਦੇ ਨਾਲ ਹਾਈ ਸਕੂਲ ਗਰੇਡ ਦੇ ਪੱਧਰ ਤੱਕ ਪੜ੍ਹਾਈ ਜਾਂਦੀ ਹੈ। ਕੈਨੇਡਾ ਦੇ ਪਬਲਿਕ ਲਾਇਬ੍ਰੇਰੀ ਸਿਸਟਮ ਦੀ ਸ਼ਲਾਘਾ ਕਰਦਿਆਂ ਮਲਵਿੰਦਰ ਦਾ ਕਹਿਣਾ ਹੈ, "ਇੱਥੋਂ ਦੀਆਂ ਲਾਇਬ੍ਰੇਰੀਆਂ ਵਿੱਚ ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਨਾਲ ਪੰਜਾਬੀ ਦੀਆਂ ਕਿਤਾਬਾਂ ਵੀ ਸ਼ਾਮਲ ਕੀਤੀਆਂ ਗਈਆਂ ਹਨ ਜੋ ਕਿ ਬਹੁਤ ਵਧੀਆ ਗੱਲ ਹੈ। ਪਰ ਜੇਕਰ ਕੋਈ ਲੇਖਕ ਉਨ੍ਹਾਂ ਲਾਇਬ੍ਰੇਰੀਆਂ ਵਿੱਚ ਆਪਣੀ ਕਿਤਾਬ ਭੇਂਟ ਕਰਨੀ ਚਾਹੇ ਤਾਂ ਉਸਦੇ ਲਈ ਲੰਮੀ ਤੇ ਜਟਿਲ ਪ੍ਰਕਿਰਿਆ ਹੈ।" (ਪੰਨਾ – 30-31)

ਲੇਖਕ ਅਨੁਸਾਰ ਲਾਇਬ੍ਰੇਰੀ ਦੇ ਪ੍ਰਬੰਧਕਾਂ ਨੂੰ ਇਸ ਪ੍ਰਕਿਰਿਆ ਨੂੰ ਸਰਲ ਤੇ ਸਹਿਜ ਬਨਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਵਿੱਚ ਪਰਵਾਸੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਦਹਾਕੇ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧੇਰੇ ਆਮਦ ਨਾਲ ਨਾਲ ਇੱਥੇ ਪਰਵਾਸੀਆਂ ਦੀ ਗਿਣਤੀ ਵਿੱਚ ਚੋਖਾ ਵਾਧਾ ਹੋਇਆ ਹੈ। ਪਰ ਇਸ ਸਮੇਂ ਇੱਥੇ ਕੰਮਾਂ ਦੀ ਘਾਟ ਹੋ ਜਾਣ ਕਰਕੇ ਉਨ੍ਹਾਂ ਦੇ ਪੀ.ਆਰ. ਵਜੋਂ ਪੱਕੇ ਹੋਣ ਦੀ ਆਸ ਘੱਟਦੀ ਜਾ ਰਹੀ ਹੈ ਅਤੇ ਕਈਆਂ ਨੂੰ ਤਾਂ ਵਾਪਸ ਵੀ ਮੁੜਨਾ ਪੈ ਰਿਹਾ ਹੈ। ਇੱਥੇ ਪੱਕੇ ਹੋਣ ਲਈ ਇੱਕ ਹੋਰ ਰਾਹ 'ਅਸਾਇਲਮ' (ਸ਼ਰਨਾਰਥੀਪੁਣੇ) ਦਾ ਹੈ। ਇੱਕ ਜਾਣਕਾਰੀ ਅਨੁਸਾਰ ਕੈਨੇਡਾ ਵਿੱਚ ਪੱਕੇ ਹੋਣ ਲਈ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਆਸ-ਪਾਸ ਪਹੁੰਚ ਗਈ ਹੈ ਜਿਨ੍ਹਾਂ ਵਿੱਚ 10,000 ਪੰਜਾਬੀ ਹਨ।

ਦੂਸਰਾ ਰਾਹ 'ਵਰਕ-ਪਰਮਿਟਾਂ' ਵਾਲਾ ਹੈ ਜਿਨ੍ਹਾਂ ਦੀ ਗਿਣਤੀ ਵੀ ਕੈਨੇਡਾ ਸਰਕਾਰ ਵੱਲੋਂ ਘਟਾ ਦਿੱਤੀ ਗਈ ਹੈ। ਇਸਦੇ ਨਾਲ ਹੀ ਵਿਜ਼ਟਰ ਵੀਜ਼ੇ 'ਤੇ ਆਏ ਹੋਏ ਕਈ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿਕਣ ਦੇ ਚਾਹਵਾਨ ਹੁੰਦੇ ਹਨ ਅਤੇ ਇਸਦੇ ਲਈ ਉਹ ਵਕੀਲਾਂ ਅਤੇ ਇਮੀਗ੍ਰੇਸ਼ਨ ਏਜੰਟਾਂ ਕੋਲ ਜਾਂਦੇ ਹਨ। ਉਹ ਉਨ੍ਹਾਂ ਦੀਆਂ ਫ਼ਾਈਲਾਂ ਦੇ ਨਾਲ ਝੂਠੇ-ਸੱਚੇ ਦਸਤਾਵੇਜ਼ ਲਗਾ ਕੇ 'ਅਸਾਇਲਮ' ਦਾ ਕੇਸ ਤਿਆਰ ਕਰਕੇ ਫ਼ਾਈਲਾਂ ਅੱਗੇ ਠੇਲ੍ਹ ਦਿੰਦੇ ਹਨ ਅਤੇ ਫਿਰ 'ਅੱਗੋਂ ਤੇਰੇ ਭਾਗ ਲੱਛੀਏ' ਵਾਲੀ ਗੱਲ ਹੋ ਜਾਂਦੀ ਹੈ। ਅਸਾਇਲਮ ਮਿਲਣ 'ਤੇ ਸਬੰਧਿਤ ਵਿਅੱਕਤੀ ਨੂੰ 'ਰਫ਼ਿਊਜੀ' ਦਾ ਸਟੇਟਸ ਮਿਲ ਜਾਂਦਾ ਹੈ ਪਰ ਇਹ ਹਰੇਕ ਕੇਸ ਵਿੱਚ ਜ਼ਰੂਰੀ ਨਹੀਂ ਹੈ। ਅਜਿਹੇ ਬਹੁਤ ਸਾਰੇ ਕੇਸ ਨਾ-ਮਨਜ਼ੂਰ ਵੀ ਹੋ ਜਾਂਦੇ ਹਨ।

ਪੁਸਤਕ ਦੇ 'ਕੈਨੇਡਾ, ਪੂੰਜੀਵਾਦ ਸਿਸਟਮ, ਪਰਵਾਸ ਤੇ ਪੰਜਾਬੀ ਭਾਈਚਾਰਾ' ਅਧਿਆਇ ਵਿੱਚ ਮਲਵਿੰਦਰ ਸੁਆਲ ਕਰਦਾ ਹੈ, "ਕੈਨੇਡਾ ਵਿੱਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਵਾਹੀ ਖੇਤੀ ਕਿਰਸਾਨੀ ਛੱਡ ਕੇ ਆਪਣੀਆਂ ਦੋ-ਦੋ ਮੰਜ਼ਲੀਆਂ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ ਲਈ ਤਰਲੋਮੱਛੀ ਹੋ ਰਹੇ ਹਾਂ?" ਅਸੀਂ ਆਪਣੀ ਅਠਾਰਾਂ-ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ੇ ਚਾੜ੍ਹ ਰਹੇ ਹਾਂ? (ਪੰਨਾ: 64-65)

ਇਸਦੇ ਨਾਲ ਹੀ ਉਹ ਕਹਿੰਦਾ ਹੈ ਕਿ ਸਾਡਾ ਵਿਹਾਰ ਤੇ ਚਾਲ-ਚਲਣ ਇਸਦੇ ਸਿਫ਼ਤੀ ਮੁਹਾਂਦਰੇ ਨੂੰ ਵਿਗਾੜ ਰਿਹਾ ਹੈ। ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ ਕਰਨ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਮਾਨ ਲੁੱਟ ਕੇ ਲੈ ਜਾਣ, ਸਟੋਰਾਂ ਦੀਆਂ ਟਰਾਲੀਆਂ ਵਿੱਚ ਸਮਾਨ ਲੱਦ ਕੇ ਆਪਣੇ ਘਰਾਂ ਤੱਕ ਲਿਜਾ ਕੇ ਟਰਾਲੀਆਂ ਗਲ਼ੀ ਦੇ ਮੋੜ 'ਤੇ ਜਾਂ ਕਿਸੇ ਸੜਕ ਦੇ ਕਿਨਾਰੇ ਲਾਵਾਰਿਸ ਛੱਡ ਦੇਣੀਆਂ, ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਗਾਣੇ ਲਾਉਣੇ ਅਤੇ ਪਲਾਜ਼ਿਆਂ ਤੇ ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿੱਚ ਗੇੜੇ ਲਾਉਣੇ ਤੇ ਲੜਕੀਆਂ ਨੂੰ ਕਾਮੀ ਨਿਗਾਹਾਂ ਨਾਲ ਘੂਰਨਾ, ਆਦਿ ਨਿੱਕੀਆਂ-ਨਿੱਕੀਆਂ ਗੱਲਾਂ ਹਨ, ਜਿਨ੍ਹਾਂ ਦੇ ਨਤੀਜੇ ਵੱਡੇ ਨਿਕਲਣ ਵਾਲੇ ਹਨ।" (ਪੰਨਾ-65)

ਕੈਨੇਡਾ ਵਿੱਚ ਦੋ-ਤਿੰਨ ਦਹਾਕੇ ਪਹਿਲਾਂ ਆਏ ਬਜ਼ੁਰਗ ਤਾਂ 'ਢੋਲੇ' ਦੀਆਂ ਲਾਉਂਦੇ ਹਨ। ਕੈਨੇਡਾ ਸਰਕਾਰ ਵੱਲੋਂ ਹਰ ਮਹੀਨੇ 'ਬੁਢਾਪਾ ਪੈਂਨਸ਼ਨ' ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਆ ਜਾਂਦੀ ਹੈ ਅਤੇ ਉਹ ਪਾਰਕਾਂ ਵਿੱਚ ਜਾ ਕੇ ਆਪਣੇ ਸਾਥੀਆਂ ਦੇ ਨਾਲ ਤਾਸ਼ ਖੇਡਦਿਆਂ ਖ਼ੂਬ 'ਸੀਪਾਂ' ਲਾਉਂਦੇ ਹਨ। ਉਨ੍ਹਾਂ ਵਿੱਚੋਂ ਕਈ ਗੁਰਦੁਆਰੇ ਜਾ ਕੇ ਕੀਰਤਨ ਸੁਣਦੇ ਤੇ ਭਜਨ-ਬੰਦਗੀ ਕਰਦੇ ਹਨ ਅਤੇ ਉੱਥੇ ਸੇਵਾ ਵੀ ਕਰਦੇ ਹਨ।

ਮਲਵਿੰਦਰ ਆਖਦਾ ਹੈ ਕਿ ਪਰਵਾਸ ਹੰਢਾਉਂਦੇ ਇਨ੍ਹਾਂ ਬਜ਼ੁਰਗਾਂ ਬਾਰੇ ਕੋਈ ਸਾਂਝੀ ਰਾਇ ਬਨਾਉਣੀ ਮੁਸ਼ਕਿਲ ਹੈ। 'ਸੌਕਰ ਸੈਂਟਰ' ਤੇ ਕਮਿਊਨਿਟੀ ਸੈਂਟਰਾਂ ਵਰਗੀਆਂ ਹੋਰ ਥਾਵਾਂ, ਪਾਰਕਾਂ, ਲਾਇਬ੍ਰੇਰੀਆਂ, ਤੇ ਗੁਰਦੁਆਰਿਆਂ ਵਿੱਚ ਜੁੜ ਬੈਠਣਾ ਇੱਥੇ ਕੈਨੇਡਾ ਵਿੱਚ 'ਪੰਜਾਬ ਦੀਆਂ ਸੱਥਾਂ' ਵਿੱਚ ਬੈਠਣ ਵਾਲੀ ਗੱਲ ਹੈ। ਸ਼ਾਇਦ ਏਸੇ ਕਰਕੇ ਵੱਖ-ਵੱਖ ਢਾਣੀਆਂ ਵਿੱਚ ਤਾਸ਼ ਖੇਡ ਰਹੇ ਸੀਨੀਅਰ ਸਿਟੀਜ਼ਨਾਂ ਨੂੰ ਆਪਣੀ ਜ਼ਿੰਦਗੀ ਨੂੰ 'ਸੀਪ' ਲਾ ਰਹੀਆਂ ਉਮਰਾਂ ਜਾਪਦੀਆਂ ਹਨ। (ਪੰਨਾ-71)

ਇਸ ਦੇ ਨਾਲ ਹੀ ਮਲਵਿੰਦਰ ਦਾ ਕਹਿਣਾ ਹੈ ਕਿ ਕਈ ਮਾਪਿਆਂ ਦੀ ਅੱਖ 'ਚ ਕੈਨੇਡਾ ਬੁਰੀ ਤਰ੍ਹਾਂ ਰੜਕ ਰਿਹਾ ਹੈ। ਆਪਣੀ ਉਮਰ ਦੇ ਪੰਜ-ਛੇ ਦਹਾਕੇ ਪੰਜਾਬ ਵਿੱਚ ਗੁਜ਼ਾਰਨ ਤੋਂ ਬਾਅਦ ਜਦੋਂ ਕਈ ਮਾਪਿਆਂ ਨੂੰ ਵਿਦੇਸ਼ਾਂ ਵਿੱਚ ਪੀ.ਆਰ. ਹੋ ਗਏ ਬੱਚਿਆਂ ਕੋਲ ਆ ਕੇ ਰਹਿਣਾ ਪੈਂਦਾ ਹੈ ਤਾਂ ਫਿਰ ਪਰਾਈ ਧਰਤੀ 'ਤੇ ਬੇਗਾਨਗੀ ਦਾ ਅਹਿਸਾਸ ਜੰਮਣ-ਭੋਇੰ ਨਾਲ ਰਿਸ਼ਤੇ ਦੀ ਭਰਪੂਰ ਗਵਾਹੀ ਭਰਦਾ ਹੈ। ਇੱਥੇ ਮਲਵਿੰਦਰ ਬੇਗਾਨਗੀ ਦੇ ਇਸ ਅਹਿਸਾਸ ਦੀਆਂ ਦੋ-ਤਿੰਨ ਖ਼ੂਬਸੂਰਤ ਉਦਾਹਰਨਾਂ ਪੇਸ਼ ਕਰਦਾ ਹੈ ਜਿਨ੍ਹਾਂ ਵਿੱਚੋਂ ਇੱਕ ਬਾਰੇ ਇੱਥੇ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਇਹ ਉਦਾਹਰਨ ਕਿਸੇ ਯੂਨੀਵਰਸਿਟੀ ਦੇ ਸੇਵਾ-ਮੁਕਤ ਉਪ-ਕੁਲਪਤੀ ਦੀ ਕੈਨੇਡਾ ਵਿੱਚ ਰਹਿ ਰਹੇ ਪੁੱਤਰ ਨਾਲ ਹੋ ਰਹੀ ਗੱਲਬਾਤ ਦੀ ਹੈ। ਪੁੱਤਰ ਕਹਿੰਦਾ ਹੈ, "ਪਾਪਾ! ਜਿੰਨੀ ਕੁ ਪੈਂਨਸ਼ਨ ਉੱਥੇ ਇੰਡੀਆ ਤੁਹਾਨੂੰ ਮਿਲਦੀ ਹੈ, ਉਸ ਨਾਲ ਇੱਥੇ ਤੁਹਾਡਾ ਵਧੀਆ ਗੁਜ਼ਾਰਾ ਹੋ ਜਾਣਾ ਹੈ। ਤੁਸੀਂ ਉੱਥੇ ਵਾਪਸ ਜਾ ਕੇ ਕੀ ਕਰਨਾ। ਅੱਗੋਂ ਪਿਓ ਸੋਚ-ਵਿਚਾਰ ਕੇ ਬੜੇ ਠਰ੍ਹੰਮੇ ਨਾਲ ਜੁਆਬ ਦਿੰਦਾ ਹੈ, "ਪੁੱਤਰ, ਜਿਸ ਪੈਂਨਸ਼ਨ ਨਾਲ ਮੇਰਾ ਇੱਥੇ ਗੁਜ਼ਾਰਾ ਹੋਣਾ, ਉਸ ਨਾਲ ਮੇਰੀ ਉੱਥੇ ਪੰਜਾਬ ਵਿੱਚ ਬਾਦਸ਼ਾਹਤ ਹੈ। ਮੈਂ ਆਪਣੇ ਦੇਸ਼ ਦੀ ਬਾਦਸ਼ਾਹਤ ਛੱਡ ਤੇਰੇ ਸਹੇੜੇ ਇਸ ਦੇਸ਼ ਵਿੱਚ ਗੁਜ਼ਾਰਾ ਕਰਨ ਕਿਉਂ ਆਵਾਂ?" ...ਤੇ ਪੁੱਤਰ ਕੋਲ ਇਸਦਾ ਕੋਈ ਜੁਆਬ ਨਹੀਂ ਹੈ। (ਪੰਨਾ-84)

'ਪਾਰਕਾਂ ਨੂੰ ਦੁੱਖ ਦੱਸਦੇ' ਆਰਟੀਕਲ ਵਿੱਚ ਬੇਗਾਨਗੀ ਦੀਆਂ ਅਜਿਹੀਆਂ ਕਈ ਹੋਰ ਉਦਾਹਰਨਾਂ ਦਰਜ ਹਨ। ਇਨ੍ਹਾਂ ਦਰਦ ਭਰੀਆਂ ਕਹਾਣੀਆਂ ਦੇ ਨਾਲ ਮਲਵਿੰਦਰ ਓਨਟਾਰੀਓ ਝੀਲ ਦੇ ਕੰਢੇ ਵੱਸੇ ਖ਼ੂਬਸੂਰਤ ਸ਼ਹਿਰ ਟੋਰਾਂਟੋ, ਨਾਲ ਨਾਲ ਲੱਦੇ 'ਫ਼ਲਾਵਰ ਸਿਟੀ ਬਰੈਂਪਟਨ, ਕੈਲਸੋ ਬੀਚ ਪਾਰਕ, ਨਿਆਗਰਾ ਫ਼ਾਲਜ਼ ਦੇ ਕੁਦਰਤੀ ਨਜ਼ਾਰਿਆਂ ਅਤੇ ਟੋਰਾਂਟੋ ਵਿੱਚ ਵਿਚਰ ਰਹੀਆਂ ਵੱਖ-ਵੱਖ ਸਾਹਿਤ ਸਭਾਵਾਂ, ਇੱਥੇ ਕਰਵਾਈਆਂ ਜਾ ਰਹੀਆਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸਾਂ, ਪੰਜਾਬੀ ਭਾਈਚਾਰੇ ਅਤੇ ਪੰਜਾਬੀ ਮੀਡੀਏ ਬਾਰੇ ਵੀ ਬਾਖ਼ੂਬੀ ਚਰਚਾ ਕਰਦਾ ਹੈ।

'ਸਪਤਰਿਸ਼ੀ ਪਬਲੀਕੇਸ਼ਨ' ਚੰਡੀਗੜ੍ਹ ਵੱਲੋਂ ਛਾਪੀ ਗਈ 116 ਪੰਨਿਆਂ ਦੀ ਇਸ ਪੁਸਤਕ ਵਿੱਚੋਂ ਪਰਵਾਸ ਬਾਰੇ ਬਹੁਮੁੱਲੀ ਜਾਣਕਾਰੀ ਮਿਲਦੀ ਹੈ। ਵੱਖ-ਵੱਖ ਸਮੇਂ ਛਪੇ ਕਈ ਆਰਟੀਕਲਾਂ ਵਿੱਚ ਕਿਤੇ ਕਿਤੇ ਕੁਝ ਥਾਵਾਂ 'ਤੇ ਦੁਹਰਾਅ ਨਜ਼ਰ ਆਉਂਦਾ ਹੈ। ਕਈ ਸ਼ਬਦਾਂ ਵਿੱਚ ਕਿਧਰੇ ਕਿਧਰੇ 'ਜ' ਦੀ ਜਗ੍ਹਾ 'ਜ਼' ਦੀ ਵਰਤੋਂ, ਜਿਵੇਂ 'ਦਰਜ਼', 'ਤਜ਼ਰਬਾ', ਆਦਿ ਥੋੜ੍ਹੀ ਜਿਹੀ ਰੜਕਦੀ ਹੈ। ਬਾਕੀ ਸੱਭ ਠੀਕ ਹੈ। ਕੁੱਲ ਮਿਲਾ ਕੇ ਮਲਵਿੰਦਰ ਵੱਲੋਂ ਪਰਵਾਸ ਬਾਰੇ ਜਾਣਕਾਰੀ ਸਾਂਝੀ ਕਰਦਾ ਹੋਇਆ ਇਹ ਸਫ਼ਲਤਾ ਪੂਰਵਕ ਯਤਨ ਹੈ। ਇਸ ਵਧੀਆ ਕਾਰਜ ਲਈ ਮੈਂ ਉਸ ਨੂੰ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਆਸ ਕਰਦਾ ਹੈ ਕਿ ਉਹ ਕਵਿਤਾ ਦੇ ਆਪਣੇ ਮਨ-ਭਾਉਂਦੇ ਖੇਤਰ ਦੇ ਨਾਲ਼ ਨਾਲ਼ ਵਾਰਤਕ ਵਿੱਚ ਵੀ ਏਸੇ ਤਰ੍ਹਾਂ ਕਲਮ-ਅਜ਼ਮਾਈ ਕਰਦਾ ਰਹੇਗਾ।



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

## "ਚਿੜੀ ਦਾ ਆਲ੍ਹਣਾ"

ਜਦੋਂ ਮੈਂ ਮਾਂ ਦੇ ਪੇਟੋਂ ਜੰਮੀ !
ਲੋਕਾਂ ਨਾਉਂ ਰੱਖਿਆ ਮੇਰਾ ਕੁੜੀਆਂ !
ਮੁੰਡਿਆਂ ਲਈ ਨਿੰਮਾਂ ਦੇ ਸਿਹਰੇ !
ਕੁੜੀਆਂ ਖਾਤਰ ਫੜੀਆਂ ਛੁਰੀਆਂ !
ਮੋਹ ਮਮਤਾ ਦੀ ਮਜਬੂਰੀ ਅੰਦਰ ,
ਮੈਨੂੰ ਜਿਹੜਾ ਲਾਡ ਲਡਾਇਆ !
ਗਹੁ ਨਾਲ ਜੇ ਵੇਖੋ ਉਸ ਨੂੰ ,
ਸਮਾਜ ,ਚ, ਦਿਸਦਾ ਨੱਫਰਤ ਦਾ ਸਾਇਆ !
ਪਿਉ ਦਾ ਘਰ ਮੈਂ ਲਿੱਪ ਪੋਚਕੇ !
ਧਨ ਪਰਾਇਆ ਬਣ ਗਈ ,
ਕੁੜੀ ਤੋਂ ਬੱਣਕੇ ਨਾਂਓ ਚਿੱੜੀ ਦਾ !
ਸਹੁਰੇ ਘਰ ਵਿਚ ਠੱਣ ਗਈ !
ਨਾ ਮੈਨੂੰ ਪੇਕਿਆਂ ਨੇ ਰੱਖਿਆ !
ਨਾ ਮੈਂ ਸਹੁਰਿਆਂ ਦੀ ਜਿੱਥੇ !
ਚਿੱੜੀਆਂ ਬੈਠੀਆਂ ਵਿਚ ਆਲ੍ਹਣੇ ,
ਦੱਸੋ ਮੇਰਾ ਆਲ੍ਹਣਾ ਕਿੱਥੇ ?
ਚਿੱੜੀਆਂ ਦਾ ਚੰਬਾ ਖੁਸ਼ੀ ਮਨ ਦੀ ,
ਹੋ ਗਈ ਡਾਰ ਪਰਾਈ !
ਚਿੱੜੀਆਂ ਨੂੰ ਉੱਥੇ ਕੋਈ ਨਾ ਪੁੱਛੇ !
ਜਿੱਥੇ ਕਾਂਵਾਂ ਰੌਲੀ ਪਾਈ !
ਗਿਲ੍ਹੇ ਸਾਂਉਕੇ ਸੁੱਕਾ ਰੱਖਿਆ
ਪੁੱਤ ਨੂੰ ਵੱਡਾ ਕੀਤਾ !
ਪਿਉ ਪਿੱਛੋਂ ਹੁਣ ਪੁੱਤ ਮੇਰੇ ਨੇ,
ਘਰ ਉੱਤੇ ਕਬਜ਼ਾ ਕੀਤਾ !
ਪੀੜ੍ਹੀ ਦਰ ਪੀੜ੍ਹੀ ਬੰਦਿਆਂ ਨੇ
ਦੁੱਧ ਮਾਂ ਚਿੱੜੀ ਦਾ ਪੀਤਾ !
ਇਹ ਸਾਰੇ ਘਰ ਦੇ ਮਾਲਕ ਬਣ ਗਏ !
ਚਿੱੜੀ ਬੱਣਕੇ ਰਹਿ ਗਈ ਇਕ ਰਿਸ਼ਤਾ !
ਪਿਉ ਦਾ ਘਰ ਸਹੁਰੇ ਦਾ ਘਰ ,
ਪੁੱਤ ਦਾ ਘਰ ਹੈ ਜਿੱਥੇ !
ਦੱਸੋ ਮੈਨੂੰ ਭੱਲਿਓ ਲੋਕੋ !
ਮੇਰਾ ਘਰ ਹੈ ਕਿੱਥੇ !?

ਗ . ਘੁਮਾਣ "
9501848436






# ਨਿੱਕੇ ਭਰਾ ਦੀ ਵਿਧਵਾ ਪ੍ਰੀਤੋ...



ਮੱਖਣ ਦੇ ਛੋਟੇ ਭਰਾ ਦੀ ਐਕਸੀਡੈਂਟ ਦੌਰਾਨ ਮੌਤ ਹੋ ਗਈ, ਫੁੱਲਾਂ ਵਾਲੇ ਦਿਨ ਨਿੱਕੇ ਦੇ ਸਹੁਰਿਆਂ ਵੱਲੋਂ ਇੱਕ ਸਿਆਣੇ ਬਜੁਰਗ ਨੇ ਨਿੱਕੇ ਦੀ ਵਹੁਟੀ ਬਾਰੇ ਗੱਲ ਕੀਤੀ ਕਿ ਦੇਖੋ ਭਾਈ.... ਇਸਦੇ ਸਿਰ ਦਾ ਸਾਂਈ ਤਾਂ ਤੁਰ ਗਿਆ ਹੁਣ ਇਸਨੂੰ ਵੀ ਸਹਾਰੇ ਦੀ ਲੋੜ ਆ.... ਹਾਲੇ ਉਮਰ ਹੀ ਕੀ ਆ... ਇਸ ਲਈ ਭਾਈ ਕੋਈ ਨਾ ਕੋਈ ਬੰਨ ਸੁੱਭ ਤਾਂ ਕਰਨਾ ਪੈਣਾ.... ਬਜੁਰਗ ਦੀ ਗੱਲ ਸੁਣਦਿਆਂ ਹੀ ਮੱਖਣ ਬੋਲਿਆ....ਬਜੁਰਗੋ ਤੁਸੀਂ ਫਿਕਰ ਨਾ ਕਰੋ.... ਇਹ ਸਾਡੇ ਘਰ ਦੀ ਇੱਜਤ ਆ.... ਇਸਨੂੰ ਮੈਂ ਸਹਾਰਾ ਦੇਵਾਂਗਾ.... ਬੱਸ ਭੋਗ ਪੈ ਜਾਣ ਦਿਓ... ਮੈਂ ਪੱਗ ਲੈਣ ਲਈ ਤਿਆਰ ਹਾਂ।

ਮੱਖਣ ਦੇ ਐਨਾ ਕਹਿਣ ਦੀ ਦੇਰ ਸੀ ਘਰ ਵਿੱਚ ਕਲੇਸ਼ ਪੈ ਗਿਆ ਕਿਉਂਕਿ ਮੱਖਣ ਪਹਿਲਾਂ ਹੀ ਸ਼ਾਦੀ-ਸ਼ੁਦਾ ਸੀ ਉਸਦੀ ਪਤਨੀ ਤੋਂ ਇਲਾਵਾ ਉਸਦੇ ਦੋ ਕੁੜੀਆਂ 'ਤੇ ਇੱਕ ਮੁੰਡਾ ਸੀ, ਮੱਖਣ ਦੀ ਪਤਨੀ ਪ੍ਰੀਤੋ ਨੇ ਰੌਲਾ ਪਾ ਲਿਆ, ਉਹ ਕਹਿਣ ਲੱਗੀ.... ਮੇਰੇ ਹੁੰਦਿਆਂ ਤੂੰ ਦੂਜੀ ਤੀਵੀਂ ਕਿਵੇਂ ਰੱਖ ਸਕਦਾ... ਮੈਂ ਆਪਣੇ ਜਿਉਂਦੇ ਜੀ ਇਹ ਕਦੇ ਵੀ ਨਹੀਂ ਹੋਣ ਦਿਆਂਗੀ।

ਭੋਗ ਤੋਂ ਕੁਝ ਦਿਨਾਂ ਬਾਅਦ ਹੀ ਮੱਖਣ ਨੇ ਆਪਣੀ ਗੱਲ ਸੱਚ ਕਰ ਦਿੱਤੀ, ਉਸਨੇ ਪਿੰਡ ਦੇ ਕੁਝ ਸਿਆਣਿਆਂ ਦੀ ਹਾਜ਼ਰੀ ਵਿੱਚ ਨਿੱਕੇ ਦੀ ਵਿਧਵਾ ਨੂੰ ਪਤਨੀ ਦਾ ਦਰਜਾ ਦੇ ਦਿੱਤਾ, ਉਹ ਕਹਿੰਦਾ ਸੀ.....ਮੈਂ ਇਸਨੂੰ ਸਹਾਰਾ ਦੇ ਰਿਹਾ ਹਾਂ...ਪਰ ਉਸਨੇ ਇੱਕ ਵਾਰ ਵੀ ਇਹ ਨਹੀਂ ਸੋਚਿਆ ਕਿ ਜਿਸ ਔਰਤ ਨੇ ਉਸਦੇ ਨਾਲ ਸਾਲਾਂ ਦਾ ਜੀਵਨ ਬਿਤਾਇਆ, ਤਿੰਨ ਬੱਚਿਆਂ ਨੂੰ ਜਨਮ ਦਿੱਤਾ, ਉਸਦੇ ਦਿਲ 'ਤੇ ਕੀ ਬੀਤ ਰਹੀ ਹੋਵੇਗੀ।

ਪ੍ਰੀਤੋ ਦੀ ਦੁਨੀਆ ਇੱਕ ਪਲ ਵਿੱਚ ਉੱਜੜ ਗਈ, ਜਿਸ ਪਤੀ ਨੂੰ ਉਹ ਆਪਣਾ ਸਭ ਕੁਝ ਮੰਨਦੀ ਸੀ, ਉਹ ਹੀ ਉਸਦੇ ਜਿਉਂਦੇ ਜੀ ਉਸਦਾ ਹੱਕ ਕਿਸੇ ਹੋਰ ਨਾਲ ਵੰਡ ਬੈਠਾ, ਉਹ ਰੋ-ਰੋ ਕੇ ਮੱਖਣ ਨੂੰ ਸਮਝਾਉਂਦੀ...ਮੱਖਣਾ... ਜੇ ਸਹਾਰਾ ਹੀ ਦੇਣਾ ਸੀ ਤਾਂ ਭੈਣ ਵਾਂਗ ਦੇ ਦਿੰਦਾ, ਧੀ ਵਾਂਗ ਰੱਖ ਲੈਂਦਾ... ਪਰ ਮੇਰੇ ਸਿਰ 'ਤੇ ਸੌਂਕਣ ਕਿਉਂ ਬਿਠਾਈ? ਮੇਰਾ ਕਸੂਰ ਕੀ ਸੀ।

ਪਰ ਮੱਖਣ ਦੇ ਕੰਨਾਂ 'ਤੇ ਜੂੰ ਨਾ ਸਰਕੀ, ਉਹ ਹਰ ਗੱਲ ਦਾ ਇੱਕੋ ਜਵਾਬ ਦਿੰਦਾ...ਮੈਂ ਕੋਈ ਗਲਤ ਕੰਮ ਨਹੀਂ ਕੀਤਾ...ਇੱਕ ਬੇਸਹਾਰਾ ਨੂੰ ਸਹਾਰਾ ਦਿੱਤਾ ਹੈ...ਸਹਾਰਾ ਦੇਣ ਅਤੇ ਕਿਸੇ ਦਾ ਹੱਕ ਖੋਹ ਲੈਣ ਵਿੱਚ ਬਹੁਤ ਵੱਡਾ ਫ਼ਰਕ ਹੁੰਦਾ ਹੈ, ਇਹ ਫ਼ਰਕ ਮੱਖਣ ਕਦੇ ਸਮਝ ਨਾ ਸਕਿਆ।

ਹੁਣ ਘਰ ਵਿੱਚ ਹਰ ਰੋਜ਼ ਕਲੇਸ਼ ਹੋਣ ਲੱਗਾ, ਬੱਚੇ ਆਪਣੀ ਮਾਂ ਦੇ ਹੰਝੂ ਨਹੀਂ ਦੇਖ ਸਕਦੇ ਸਨ, ਇੱਕ ਪਾਸੇ ਪ੍ਰੀਤੋ ਸੀ, ਦੂਜੇ ਪਾਸੇ ਦੂਜੀ ਪਤਨੀ.... ਦੋਵੇਂ ਹੀ ਆਪਣੀ-ਆਪਣੀ ਥਾਂ ਦੁਖੀ ਸਨ, ਉਹ ਘਰ, ਜਿਸ ਵਿੱਚੋਂ ਕਦੇ ਹਾਸੇ ਸੁਣਾਈ ਦਿੰਦੇ ਸਨ ਹੁਣ ਉਸ ਘਰ ਵਿੱਚੋਂ ਲੜਾਈ-ਝਗੜੇ ਦੀਆਂ ਅਵਾਜਾਂ ਸੁਣਾਈ ਦਿੰਦੀਆਂ ਸਨ।

ਇੱਕ ਦਿਨ ਪ੍ਰੀਤੋ ਸਵੇਰੇ ਘਰੋਂ ਨਿਕਲੀ, ਜਾਂਦਿਆਂ ਆਪਣੇ ਬੱਚਿਆਂ ਨੂੰ ਗਹੁ ਨਾਲ ਤੱਕਿਆ 'ਤੇ ਆਖ਼ਰੀ ਵਾਰ ਆਪਣੇ ਘਰ ਵੱਲ ਮੁੜ ਕੇ ਵੇਖਿਆ 'ਤੇ ਬੋਲੀ.....ਰੱਬਾ..ਮੇਰੇ ਬੱਚਿਆਂ ਨੂੰ ਖੁਸ਼ ਰੱਖੀ....ਕੁਝ ਘੰਟਿਆਂ ਬਾਅਦ ਪਿੰਡ ਵਿੱਚ ਖ਼ਬਰ ਫੈਲ ਗਈ...ਪ੍ਰੀਤੋ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ...ਲੋਕ ਭੱਜੇ....ਬਹੁਤ ਭਾਲ ਕੀਤੀ ਗਈ, ਆਖ਼ਰ ਉਸਦੀ ਲਾਸ਼ ਨਹਿਰ ਵਿੱਚੋਂ ਮਿਲੀ।

ਜਦੋਂ ਮੱਖਣ ਨੇ ਪ੍ਰੀਤੋ ਦੀ ਲਾਸ਼ ਵੇਖੀ ਤਾਂ ਉਹ ਕੰਬਣ ਲੱਗ ਪਿਆ, ਉਹ ਉਸਦੇ ਕੋਲ ਬੈਠਕੇ ਧਾਹਾਂ ਮਾਰਨ ਲੱਗਾ....ਪ੍ਰੀਤੋ... ਇੱਕ ਵਾਰ ਅੱਖਾਂ ਖੋਲ੍ਹਦੇ... ਮੈਂ ਤੇਰੀ ਗੱਲ ਮੰਨ ਲੈਂਦਾ... ਮੈਨੂੰ ਮੁਆਫ਼ ਕਰ ਦੇ... ਮੈਂ ਬਹੁਤ ਵੱਡੀ ਗਲਤੀ ਕਰ ਬੈਠਾ।

ਉਸਦੇ ਤਿੰਨੇ ਬੱਚੇ ਮਾਂ ਦੀ ਦੇਹ ਨਾਲ ਚੁੰਬੜਕੇ ਚੀਕਾਂ ਮਾਰ ਰਹੇ ਸਨ....ਮਾਂ... ਸਾਨੂੰ ਛੱਡਕੇ ਨਾ ਜਾ... ਅਸੀਂ ਹੁਣ ਕੀਹਦੀ ਬੁੱਕਲ ਵਿੱਚ ਸੌਵਾਂਗੇ...ਉਨ੍ਹਾਂ ਦੀਆਂ ਚੀਕਾਂ ਸੁਣਕੇ ਪੂਰਾ ਪਿੰਡ ਰੋ ਪਿਆ।

ਉਧਰ ਨਿੱਕੇ ਦੀ ਵਿਧਵਾ ਵੀ ਪ੍ਰੀਤੋ ਦੀ ਲਾਸ਼ ਕੋਲ ਬੈਠਕੇ ਫੁੱਟ-ਫੁੱਟਕੇ ਰੋਈ...ਉਹ ਬੋਲੀ....ਭੈਣ... ਮੈਨੂੰ ਮੁਆਫ ਕਰ ਦੇ..... ਮੈਨੂੰ ਸਿਰਫ਼ ਜਿਉਣ ਦਾ ਸਹਾਰਾ ਚਾਹੀਦਾ ਸੀ ਜੇ ਪਤਾ ਹੁੰਦਾ ਕਿ ਮੇਰੇ ਕਾਰਨ ਤੇਰੀ ਜ਼ਿੰਦਗੀ ਉੱਜੜ ਜਾਵੇਗੀ ਤਾਂ ਮੈਂ ਸਾਰੀ ਉਮਰ ਵਿਧਵਾ ਰਹਿ ਲੈਂਦੀ ਪਰ ਤੇਰਾ ਘਰ ਕਦੇ ਨਾ ਉਜੜਣ ਦਿੰਦੀ।

ਮੱਖਣ ਪਛਤਾਅ ਰਿਹਾ ਸੀ ਕਿਉਂਕਿ ਕਿਸੇ ਇੱਕ ਦੀ ਜ਼ਿੰਦਗੀ ਸੰਵਾਰਨ ਦੇ ਨਾਂ 'ਤੇ ਜੇ ਦੂਜੇ ਦੀ ਜ਼ਿੰਦਗੀ ਉਜਾੜ ਦਿੱਤੀ ਜਾਵੇ ਤਾਂ ਉਹ ਨੇਕੀ ਨਹੀਂ, ਇੱਕ ਅਜਿਹੀ ਭੁੱਲ ਬਣ ਜਾਂਦੀ ਹੈ ਜਿਸਦਾ ਪਛਤਾਵਾ ਸਾਰੀ ਉਮਰ ਸਾਥ ਨਹੀਂ ਛੱਡਦਾ।

ਮੱਖਣ ਪਛਤਾਵੇ ਦੇ ਹੰਝੂਆਂ 'ਚ ਡੁੱਬਿਆ ਸੋਚ ਰਿਹਾ ਸੀ ਕਿ ਵਿਧਵਾ ਨੂੰ ਸਹਾਰਾ ਦੇਣਾ ਮਨੁੱਖਤਾ ਹੈ ਪਰ ਸਹਾਰਾ ਦੇਣ ਦੇ ਅਨੇਕਾਂ ਰਾਹ ਹੁੰਦੇ ਹਨ, ਕਿਸੇ ਵਿਆਹੇ ਹੋਏ ਇਨਸਾਨ ਨੂੰ ਆਪਣੀ ਪਤਨੀ ਦੀ ਰਜ਼ਾਮੰਦੀ ਤੋਂ ਬਿਨਾਂ ਦੂਜਾ ਵਿਆਹ ਕਰਕੇ ਉਸਦਾ ਦਿਲ ਤੋੜਨ ਦਾ ਹੱਕ ਨਹੀਂ, ਘਰ ਭਰੋਸੇ, ਇੱਜ਼ਤ ਅਤੇ ਆਪਸੀ ਪਿਆਰ ਨਾਲ ਬਣਦਾ ਹੈ, ਜਦੋਂ ਭਰੋਸਾ ਟੁੱਟ ਜਾਂਦਾ ਹੈ ਤਾਂ ਉਸਦੇ ਨਾਲ ਪੂਰਾ ਪਰਿਵਾਰ ਵੀ ਟੁੱਟ ਜਾਂਦਾ ਹੈ।

ਅਵਤਾਰ ਸਿੰਘ ਧਾਲੀਵਾਲ

# ਜਿਸਮਾਂ ਵਿੱਚ ਤਾਂ ਲਗਾਅ ਹੁੰਦਾ, ਪਿਆਰ ਤਾਂ ਰੂਹਾਂ ਕਰਦੀਆਂ"....



ਇੰਨੇ ਸਾਲਾਂ ਬਾਅਦ ਪਤਾ ਨਹੀਂ ਕਿਉਂ, ਪਰ ਹੁਣ ਬਹੁਤ ਜ਼ਿਆਦਾ ਯਾਦ ਆਉਂਦੀ ਆ ਉਹ। 6 ਕੁ ਸਾਲਾਂ ਦਾ ਸੀ ਸਤਬੀਰ ਜਦੋ ਉਹ ਛੱਡ ਕੇ ਤੁਰ ਗਈ ਸੀ। 27 ਦਾ ਹੋ ਗਿਆ, ਵਿਆਹਿਆ ਵੀ ਗਿਆ। ਨੂੰਹ ਪੁੱਤ ਦੋਨੋਂ ਹੀ ਬਹੁਤ ਚੰਗੇ ਹਨ। ਕੁੱਝ ਹੀ ਮਹੀਨਿਆਂ ਵਿੱਚ ਕੁੜੀ ਨੇ ਸਾਰਾ ਘਰ ਹੀ ਸਾਂਭ ਲਿਆ। ਮੇਰਾ ਵੀ ਬਹੁਤ ਕਰਦੀ ਹੈ, ਰੋਟੀ-ਪਾਣੀ ਹਰ ਨਿੱਕੀ ਨਿੱਕੀ ਚੀਜ ਦਾ ਵੀ ਧਿਆਨ ਰੱਖਦੀ ਹੈ। ਪਰ ਪਤਾ ਨਹੀਂ ਫਿਰ ਵੀ ਕਿਉਂ, ਦਿਲ ਬਹੁਤ ਕਾਹਲਾ ਪੈ ਜਾਂਦਾਂ। ਜੀਅ ਕਰਦਾ ਉਹਦੇ ਨਾਲ ਰੱਜ ਰੱਜ ਗੱਲਾਂ ਕਰਾਂ ਤੇ ਉਹਦੀਆਂ ਨਾ-ਮੁੱਕਣ ਵਾਲੀਆਂ ਗੱਲਾਂ ਦੇ ਹੁੰਗਾਰੇ ਭਰਦਾ ਭਰਦਾ ਹੀ ਸੌ ਜਾਵਾਂ ਪਰ ਨੀਂਦ ਤਾਂ ਅਉਂਦੀ ਹੀ ਨਹੀਂ।

ਨੂੰਹ-ਪੁੱਤ ਦੀ ਜਦੋਂ ਖਿੜ੍ਹ-2 ਹੱਸਦਿਆਂ ਦੀ ਆਵਾਜ ਸੁਣਦਾ ਹਾਂ ਤਾਂ ਉਹ ਫੇਰ ਅੱਖਾਂ ਸਾਹਵੇਂ ਆਣ ਖਲੋ ਜਾਂਦੀ ਹੈ। ਮਨ ਵਿੱਚ ਆਇਆ ਉਦੋ ਬੀਬੀ ਦੀ ਗੱਲ ਮੰਨ ਦੂਜਾ ਵਿਆਹ ਕਰਾ ਲੈਂਦਾ ਤਾਂ ਚੰਗਾ ਸੀ ਪਰ ਦੂਜੇ ਹੀ ਪਲ ਆਵਦੀ ਸੋਚ ਤੇ ਗਿਲਾਨੀ ਆ ਗਈ। ਉਹਦੇ ਨਾਲ ਧੋਖਾ ਤਾਂ ਮੈਂ ਮਰ ਕੇ ਵੀ ਨਹੀ ਕਮਾ ਸਕਦਾ। ਯਾਦ ਆਇਆ ਕਿਵੇਂ ਬੀਬੀ ਦੇ ਬਾਹਲਾ ਜੋਰ ਪਾਉਣ ਤੇ ਮੈਂ ਇੱਕ-ਦੋ ਕੁੜੀਆਂ ਦੇਖਣ ਵੀ ਗਿਆ ਸੀ। ਪਰ ਪਤਾ ਨਹੀ ਮਰਣ ਲੱਗੀ ਵੀ ਕਿਹੜ੍ਹਾ ਜਾਦੂ ਕਰ ਗਈ ਸੀ, ਮੇਰੇ ਤੋ ਤਾਂ ਕਿਸੇ ਵੱਲ ਅੱਖ ਭਰ ਕੇ ਦੇਖਿਆ ਵੀ ਨਾ ਗਿਆ। ਉਹਦੇ ਸ਼ਬਦ ਹੀ ਕੰਨਾਂ ਵਿੱਚ ਗੂੰਜਦੇ ਰਹੇ ਕਿ ਕਿਵੇਂ ਘੁੱਟ ਗਲਵੱਕੜੀ ਪਾ ਕੇ ਕਹਿੰਦੀ ਹੁੰਦੀ ਸੀ ਕਿ, " ਜੱਟਾਂ ਤੈਨੂੰ ਤਾਂ ਮੈਂ ਮਰ ਕੇ ਵੀ ਨਹੀ ਛੱਡਦੀ"। ਸੱਚਮੁੱਚ ਹੀ ਉਹਨੇ ਮੈਨੂੰ ਮਰ ਕੇ ਵੀ ਨਹੀ ਛੱਡਿਆ।

ਮੇਰੀ ਦੂਜੇ ਵਿਆਹ ਨੂੰ ਕੋਰੀ ਨਾਂਹ ਸੁਣ ਕੇ ਬੀਬੀ ਨੇ ਬਥੇਰੇ ਪੰਡਤ/ਬਾਬੇ ਗਾਹੇ ਪਰ ਮੇਰੇ ਤੇ ਕੋਈ ਅਸਰ ਨਾ ਹੋਇਆਂ। ਆਵਦੇ ਆਪ ਨੂੰ ਬੱਸ ਸਤਬੀਰ ਦੇ ਹੀ ਸਮਰਪਿਤ ਕਰ ਦਿੱਤਾ ਸੀ। ਕਦੇ ਕਦੇ ਮਨ ਬੋਝਲ ਹੋ ਜਾਣਾ ਤਾਂ ਯਾਰ ਦੋਸਤਾਂ ਨੇ ਵੀ ਕਹਿਣਾ ਕਿ ਪੈੱਗ ਲਾ ਲਿਆ ਕਰ ਪਰ ਜਿਸ ਪੈੱਗ ਪਿੱਛੇ ਉਹ ਲੱੜਦੀ ਹੁੰਦੀ ਸੀ ਉਹ ਵੀ ਛੁੱਟ ਗਿਆ ਸੀ। ਚਾਹ ਕੇ ਵੀ ਕਦੀ ਪੀਅ ਨਾ ਸਕਿਆ, ਸ਼ਾਇਦ ਜਿੰਦਗੀ ਦੇ ਸਾਰੇ ਚਾਅ-ਸ਼ੌਂਕ ਉਹਦੇ ਨਾਲ ਹੀ ਚਲੇ ਗਏ ਸਨ।

ਉਹਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਂਕ ਸੀ, ਵਿਹਲੇ ਸਮੇਂ ਕੁੱਝ ਪੜ੍ਹਦੀ ਜਾਂ ਗੁਣਗਣਾਉਦੀ ਰਹਿੰਦੀ। ਉਦੋਂ ਮੈਨੂੰ ਲੱਗਦਾ ਕਿ ਐਵੇ ਸਮਾਂ ਖਰਾਬ ਕਰਦੀ ਹੈ। ਪਰ ਉਦੇ ਜਾਣ ਬਾਅਦ ਉਹੀ ਕਿਤਾਬਾਂ ਮੇਰੀਆਂ ਸਾਥੀ ਬਣੀਆਂ। ਉਹਦੀ ਛੋਹ ਵਾਲੀਆਂ ਉਹ ਕਿਤਾਂਬਾਂ, ਜਿੰਨਾਂ ਦੇ ਵਰਕਿਆਂ ਤੇ ਉਹਨੇ ਕਿਸੇ ਕਿਸੇ ਸ਼ਤਰ ਥੱਲੇ ਲਾਇਨਾਂ ਲਾ ਕੇ ਰੱਖੀਆਂ ਹੋਈਆਂ ਸਨ। ਮੈਂ ਚਿਰਾਂ ਤੱਕ ਉਹਨਾਂ ਨੂੰ ਪੜ੍ਹਦਾ ਤਾਂ ਲੱਗਦਾ ਜਿਵੇਂ ਉਹ ਮੁਸਕਰਾ ਰਹੀ ਆ। ਉਹ ਕਵਿਤਾ ਵਰਗੀ ਸੀ ਤੇ ਮੈ ਕੋਰਾ ਜੱਟ, ਉਹਦੇ ਜਿਊਦੇ ਜੀਅ ਕਦੇ ਸਮਝ ਹੀ ਨਾ ਸਕਿਆ ਉਹਨੂੰ। ਜਦੋ ਉਹ ਕਹਿੰਦੀ ਸੀ ਕਿ, "ਜਿਸਮਾਂ ਵਿੱਚ ਤਾਂ ਸਿਰਫ਼ ਲਗਾਅ ਹੁੰਦਾ, ਪਿਆਰ ਤਾਂ ਰੂਹਾਂ ਕਰਦੀਆਂ", ਮੈਨੂੰ ਲੱਗਦਾ ਕਿ ਐਵੇ ਫਿਲਮੀ ਗੱਲਾਂ ਕਰਦੀ ਆ, ਪਰ ਉਹਦੇ ਜਾਣ ਬਾਅਦ ਸਮਝ ਆਇਆ ਕਿ ਸੱਚਮੁੱਚ ਪਿਆਰ ਤਾਂ ਰੂਹ ਨਾਲ ਹੀ ਹੁੰਦਾਂ, ਜਿਸਮ ਨਾਲ ਹੁੰਦਾਂ ਤਾਂ ਉਹਦੇ ਨਾਲ ਹੀ ਸੜ੍ਹ ਕੇ ਪਿਆਰ ਵੀ ਸਵਾਹ ਹੋ ਜਾਣਾ ਸੀ ਪਰ ਉਹ ਤਾਂ ਹੋਰ ਵੀ ਵੱਧ ਗਿਆ ਸੀ।

ਤੁਸੀਂ ਵੀ ਸੋਚਦੇ ਹੋਵੋਗੇ ਕਿ ਬੁੱਢਾ ਸੱਠਿਆ ਗਿਆ ਹੈ।

ਮੈਨੂੰ ਵੀ ਇੰਜ ਹੀ ਲੱਗਦਾ ਜਦੋਂ ਮੇਰਾ ਜੀਅ ਕਰਦਾ ਕਿ ਮੈਂ ਉਹਨੂੰ ਆਵਾਜ ਦੇਵਾਂ ਪਰ ਗਲ੍ਹਾ ਭਰ ਅਉਦਾਂ ਤੇ ਰੋਣ ਨਿੱਕਲ ਜਾਂਦਾਂ। ਹੰਝੂ ਵੀ ਲਕੋ ਲੈਂਦਾ ਕਿ ਨੂੰਹ-ਪੁੱਤ ਕਿਤੇ ਮੈਨੂੰ ਸ਼ੁਦਾਈ ਹੀ ਨਾਂ ਸਮਝਣ। ਬੱਸ ਹੁਣ ਮਨ ਭਰ ਗਿਆ ਜਿੰਦਗੀ ਤੋਂ ਉਹਦੇ ਕੋਲ ਜਾਣ ਨੂੰ ਜੀਅ ਕਰਦਾ। ਪਰ ਅੱਜ ਮਨ ਥੌੜਾ ਠੀਕ ਹੈ, ਪੁੱਤ ਨੇ ਖਬਰ ਦਿੱਤੀ ਹੈ ਕਿ ਮੈਂ ਦਾਦਾ ਬਣਨ ਵਾਲਾ ਹਾਂ। ਉਹਦੇ ਲਾਏ ਬੂਟੇ ਨੂੰ ਫਲ ਲੱਗਣ ਲੱਗਾ, ਖੁਸ਼ ਤਾਂ ਹੋਣਾ ਹੀ ਹੈ।

ਆਖਰ ਉਹ ਭਾਂਗਾਂ ਵਾਲਾ ਦਿਨ ਵੀ ਆ ਗਿਆ।

ਪੋਤਰੀ ਹੋਈ ਹੈ, ਮੈ ਭੱਜ ਕੇ ਮਠਿਆਈ ਲੈ ਕੇ ਹਸਪਤਾਲ ਪਹੁੰਚਿਆਂ, ਜਦੋਂ ਪੋਤਰੀ ਮੇਰੀ ਝੋਲੀ ਪਾਈ ਤਾਂ ਅੱਖਾਂ ਨੂੰ ਯਕੀਨ ਹੀ ਨਾਂ ਆਇਆ, ਹੂ-ਬਹੂ ਉਹੀ ਚਿਹਰਾ।

ਉਸ ਨਿੱਕੀ ਜਿਹੀ ਨੇ ਵੀ ਝੱਟ ਮੇਰੀ ਉਂਗਲ ਫੱੜ ਲਈ ਜਾਪਿਆਂ ਮੇਰਾ ਸੰਤਾਪ ਪੂਰਾ ਹੋ ਗਿਆ।

ਜ਼ਿੰਦਗੀ ਫਿਰ ਤੋ ਸੋਹਣੀ ਲੱਗਦੀ ਹੈ, ਪੋਤਰੀ ਦੀਆਂ ਤੋਤਲੀਆਂ ਗੱਲਾਂ ਤੇ ਮੁਸਕਰਾਂਹਟਾਂ ਵਿੱਚ ਮੈਨੂੰ ਉਹੀ ਦਿੱਸਦੀ ਹੈ।

ਮੈਂ ਸੱਚੀ ਸੱਠਿਆਂ ਗਿਆ ਹਾਂ ਪਰ ਹੁਣ ਮੈਂ ਅਜੇ ਹੋਰ ਜਿਊਣਾ ਹੈ।

ਹਰਪ੍ਰੀਤ ਬਰਾੜ ਸਿੱਧੂ

# ਬਜ਼ੁਰਗ ਮਾਤਾ ਤੇ ਇਕ ਥਾਂ ਪਿਆ ਟੀ ਵੀ...



"ਪੁੱਤ ,ਮੈਨੂੰ ਵੀ ਆਹ ਮੋਬਾਇਲ ਜਿਹਾ ਲਿਆ ਕੇ ਦੇਦੋ ਤੇ ਚਲਾਉਣਾ ਸਿਖਾ ਦਿਓ,ਮੈਨੂੰ ਵੀ ਫੇਰ ਤੁਹਾਡੇ ਵਾਂਗੂ ਕਿਸੇ ਦੀ ਜਰੂਰਤ ਮਹਿਸੂਸ ਨਹੀਂ ਹੋਵੇਗੀ " "ਕੀ ਗੱਲ ਕਰਤੀ ਮਾਤਾ ,ਮੋਬਾਈਲ ਕੀ ਕਰਨਾ,ਨਿਗ੍ਹਾ ਤਾ ਤੇਰੀ ਪਹਿਲਾਂ ਹੀ ਨਹੀਂ ਹੈ ਬਿਲਕੁਲ ਖਤਮ ਕਰਨੀ ਆ ਹੁਣ ਨਾਲੇ ਐਡਾ ਟੀਵੀ ਪਿਆ ਤੇਰੇ ਕੋਲ ,ਉਹ ਦੇਖ ਲਿਆ ਕਰ "ਹੁਣ ਕੀ ਬੋਲਦੀ ਚੁੱਪ ਕਰ ਕੇ ਕਮਰੇ ਚ ਚਲੀ ਗਈ ,ਪੁੱਤ ਦੇ ਜਾਣ ਮਗਰੋਂ ਥੋੜੀ ਦੇਰ ਬਾਅਦ ਟੀਵੀ ਲਗਾਉਣ ਸਾਰ ਹੀ ਸੁਣਨ ਨੂੰ ਮਿਲ ਗਿਆ "ਓਹੋ ਦਾਦੀ ਮਾਂ ਟੀਵੀ ਦੀ ਆਵਾਜ਼ ਘੱਟ ਕਰਲੋ ,ਮੇਰੇ ਪੇਪਰ ਆ ,ਓਹਦੀ ਤਿਆਰੀ ਕਰਨੀ ਆ " "ਪੁੱਤ ਕੀ ਕਰਾਂ ਹੁਣ ਕੰਨਾਂ ਤੋਂ ਉੱਚੀ ਹੀ ਸੁਣਾਈ ਦਿੰਦਾ ਹੈ ,ਬੁੱਢੀ ਜੋ ਹੋ ਗਈ ਆ "ਅਜੇ ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਕਲਪਦੇ ਹੋਏ ਸਹਿਜ ਨੇ ਗੁੱਸੇ ਚ ਕਮਰੇ ਦਰਵਾਜ਼ਾ ਬੰਦ ਕਰ ਲਿਆ ।ਓਹਨੇ ਆਵਾਜ਼ ਘੱਟ ਕਰਨ ਦੀ ਬਜਾਏ ਟੀਵੀ ਹੀ ਬੰਦ ਕਰ ਦਿੱਤਾ।ਥੋੜ੍ਹੀ ਦੇਰ ਬੈਠਕ ਚ ਬੈਠੀ ਦਾ ਦਿਲ ਜਿਹਾ ਘਬਰਾਉਣ ਲੱਗਾ ,ਉਹ ਉੱਠੀ ਤੇ ਰਸੋਈ ਚ ਕੰਮ ਕਰਦੀ ਬਹੂ ਕੋਲ ਜਾ ਕੇ ਟੋਕਰੀ ਚ ਧੋਤੇ ਪਏ ਭਾਂਡੇ ਟਿਕਾਉਣ ਲੱਗੀ ਕਿ ਇੰਨੇ ਨੂੰ ਬਹੂ ਨੇ ਹੱਥੋਂ ਭਾਂਡੇ ਫੜ੍ਹਦੀ ਬੋਲੀ ,"ਓਹੋ ਮੰਮੀ ਜੀ ਤੁਸੀਂ ਰਹਿਣ ਦਿਓ ਭਾਂਡੇ ਟਿਕਾਉਣ ਨੂੰ ,ਉਲਟ ਪੁਲਟ ਰੱਖ ਦਿੰਦੇ ਹੋ ਫੇਰ ਮੈਨੂੰ ਟਿਕਾਣੇ ਸਰ ਰੱਖਣ ਚ ਬਹੁਤ ਸਮਾਂ ਲੱਗ ਜਾਂਦਾ। ""ਪਰ ਪੁੱਤ ਇੰਨੇ ਸਾਲ ਮੈਂ ਵੀ ਤਾਂ ਰਸੋਈ ਚ ਕੰਮ ਕੀਤਾ ਹੀ ਆ ,ਮੈਂ ਕਿਹੜਾ ਭੁੱਲੀ ਹੋਈ ਆ "ਅਜੇ ਓਹਦੀ ਗੱਲ ਪੂਰੀ ਵੀ ਨਹੀਂ ਸੀ ਹੋਈ ਕਿ ਨੂੰਹ ਗੁੱਸੇ ਚ ਬੁੜਬੁੜਾਉਂਦੀ ਹੋਈ ਰਸੋਈ ਵਿੱਚੋ ਬਾਹਰ ਚਲੀ ਗਈ ਅਖੇ ਟਕਾ ਹੀ ਨਹੀਂ ,ਚੁਪਚਾਪ ਬਹਿ ਕੇ ਟੀਵੀ ਦੇਖਲੋ,ਸੇਵਾ ਵੀ ਹਜ਼ਮ ਨਹੀਂ ਹੁੰਦੀ ,ਬਹਿ ਕੇ ਖਾਣਾ ਵੀ ਨਹੀਂ ਆਉਂਦਾ ।ਉਹ ਹੁਣ ਚੁਪਚਾਪ ਰਸੋਈ ਵਿੱਚੋ ਬਾਹਰ ਆ ਗਈ ।ਪਰ ਘਰ ਦੇ ਅੰਦਰ ਹੀ ਅੰਦਰ ਵਹਿਲੀ ਰਹਿ ਕੇ ਓਹਨੂੰ ਚੈਨ ਨਹੀਂ ਸੀ ਆ ਰਿਹਾ ਤੇ ਨਾ ਹੀ ਸਮਾਂ ਲੰਘ ਰਿਹਾ ਸੀ ।ਓਹਨੇ ਸਹਿਜ ਦੇ ਟਿਊਸ਼ਨ ਜਾਣ ਸਾਰ ਫੇਰ ਟੀਵੀ ਲਗਾ ਲਿਆ ਕਿ ਇੰਨੇ ਨੂੰ ਨੂੰਹ ਦੀ ਗੜਕਦੀ ਆਵਾਜ਼ ਆਈ ,"ਓ ਮਾਤਾ ਓਦੋਂ ਦਾ ਟੀਵੀ ਲਗਾਇਆ ਨਹੀਂ ,ਮੈਨੂੰ ਹੀ ਉਡੀਕਦੀ ਸੀ ਅਖੇ ਕਦੋ ਮੈਂ ਪਵਾਂ ਤੇ ਤੂੰ ਟੀਵੀ ਚਲਾਵੇ ,ਦੁਪਹਿਰ ਨੂੰ ਥੋੜ੍ਹੀ ਦੇਰ ਪੈਣਾ ਹੁੰਦਾ ਫੇਰ ਉੱਠ ਕੇ ਛੱਤੀ ਸੌ ਕੰਮ ਕਰਨਾ ਹੁੰਦਾ ,ਸੌਂ ਲੈਣ ਦਿਓ ,ਟੀਵੀ ਬੰਦ ਕਰਦੋ ।"ਉਹ ਫੇਰ ਟੀਵੀ ਬੰਦ ਕਰਕੇ ਕਮਰੇ ਚ ਚਲੀ ਗਈ ।ਅੱਗੇ ਤਾਂ ਕੁਝ ਨਾ ਕੁਝ ਬੁਣਦੀ ਜਾਂ ਸੀਨ ਪਰੋਣ ਕਰਦੀ ਰਹਿੰਦੀ ਸੀ ਪਰ ਜਦੋ ਦਾ ਮੋਤੀਏ ਦਾ ਓਪਰੇਸ਼ਨ ਕਰਵਾਇਆ ਨਿਗ੍ਹਾ ਨਹੀਂ ਸੀ ਲੱਗਦੀ ,ਹੁਣ ਕਮਰੇ ਚ ਪਈ ਕੰਧਾਂ ਵੱਲ ਹੀ ਝਾਕੀ ਜਾਂਦੀ ਸੀ ।

ਥੋੜ੍ਹੀ ਜਹੀ ਧੁੱਪ ਢਲੀ ਤੇ ਕਮਰੇ ਵਿੱਚੋ ਬਾਹਰ ਆਈ ਤੇ ਨੂੰਹ ਵਲੋਂ ਚਾਹ ਦੇਣ ਦੀ ਉਡੀਕ ਕਰਨ ਲੱਗੀ ।ਫੋਨ ਤੇ ਗੱਲ ਕਰਦੀ ਕਰਦੀ ਚਾਹ ਰੱਖ ਕੇ ਤੁਰ ਗਈ ,ਉਹ ਬਿਚਾਰੀ ਆਖਦੀ ਰਹੀ ਅਖੇ ਧੀਏ ਲੱਗਦਾ ਭੁਲੇਖੇ ਨਾਲ ਅੱਜ ਤੂੰ ਮਿੱਠੇ ਵਾਲੀ ਚਾਹ ਦੇ ਦਿਤੀ ,ਪਰ ਓਹਨੂੰ ਫੋਨ ਤੋਂ ਵਹਿਲ ਹੋਵੇ ਤਾਂ ਮਾਤਾ ਦੀ ਗੱਲ ਸੁਣੇ ।ਔਖੇ ਸੋਖੇ ਚਾਹ ਪੀਕੇ ਦਰਵਾਜਾ ਖੋਲ ਕੇ ਦਰਾਂ ਚ ਖਲੋ ਗਈ ਤੇ ਆਣ ਜਾਣ ਵਾਲਿਆਂ ਨੂੰ ਦੇਖਣ ਲੱਗੀ ।ਓਹਨੂੰ ਖੜੀ ਦੇਖ ਕੇ ਗਵਾਂਢਣ ਵੀ ਕੋਲ ਆ ਗਈ ਤੇ ਦੁੱਖ ਸੁਖ ਕਰਨ ਲੱਗੀ, ਜਿਓਂ ਹੀ ਬਹੂ ਦੀ ਨਿਗ੍ਹਾ ਪਈ ਗੁੱਸੇ ਚ ਮਾਤਾ ਨੂੰ ਅੰਦਰ ਆਉਣ ਨੂੰ ਕਿਹਾ ।ਬਿਚਾਰੀ ਬੇਬਸ ਤੇ ਡਰੀ ਹੋਈ ਦਰਵਾਜ਼ਾ ਬੰਦ ਕਰ ਅੰਦਰ ਆ ਕੇ ਬਹਿ ਗਈ ਪਤਾ ਸੀ ਕਿ ਹੁਣ ਬਹੂ ਨੇ ਬਿਨਾ ਰੁਕੇ ਬੋਲਣਾ ਹੀ ਹੈ ,ਇਹ ਇਕ ਦਿਨ ਦੀ ਗੱਲ ਨਹੀਂ ਸੀ ,ਉਹ ਚਾਹੇ ਕੋਠੇ ਤੇ ਖੜੇ ਚਾਹੇ ਦਰਾਂ ਚ ਬਹੂ ਨੂੰ ਓਹਦਾ ਬਾਹਰ ਕਿਸੇ ਨਾਲ ਗੱਲ ਕਰਨਾ ਪਸੰਦ ਨਹੀਂ ਸੀ ।ਓਹਨੂੰ ਲੱਗਦਾ ਹੁੰਦਾ ਸੀ ਕਿ ਏਦਾਂ ਗੱਲਾਂ ਕਰਨ ਨਾਲ ਘਰ ਦਾ ਪਰਦਾ ਨਹੀਂ ਰਹਿੰਦਾ । ਜਿਂਵੇ ਕਿੰਵੇਂ ਸ਼ਾਮ ਦੇ ਸੱਤ ਵੱਜੇ ਓਹਨੇ ਫੇਰ ਟੀਵੀ ਤੇ ਰਹਿਰਾਸ ਲਗਾ ਲਈ ,ਇੰਨੇ ਨੂੰ ਪੁੱਤ ਵੀ ਆ ਗਿਆ ।ਅਜੇ ਰਹਿਰਾਸ ਪੂਰੀ ਵੀ ਨਹੀਂ ਸੀ ਹੋਈ ਕਿ ਰਿਮੋਟ ਫੜ੍ਹ ਲਿਆ ਤੇ ਮੈਚ ਦੇਖਣ ਲੱਗ ਗਿਆ। ਉਹ ਬੋਲੀ ਅਖੇ ਪੁੱਤ ਪਾਠ ਤਾ ਪੂਰਾ ਹੋ ਲੈਣ ਦਿੰਦਾ ,ਅੱਗੋਂ ਪੁੱਤ ਬੋਲਿਆ ,"ਮਾਤਾ ਸਾਰਾ ਦਿਨ ਵਹਿਲੀ ਤੂੰ ਟੀਵੀ ਦੇ ਸਰਹਾਣੇ ਬੈਠੀ ਰਹਿਨੀ ਆ ,ਤੂੰ ਥੱਕ ਦੀ ਨਹੀਂ ਟੀਵੀ ਦੇਖਦੀ ,ਪਾਠ ਦਾ ਕੀ ਆ ਤੂੰ ਵਾਹਿਗੁਰੂ ਵਾਹਿਗੁਰੂ ਹੀ ਕਰਲਿਆ ਕਰ ਅਗਰ ਤੇਰੀ ਪਾਠ ਕਰਨ ਲੱਗੇ ਨਿਗਾ ਨਹੀਂ ਟਿਕਦੀ ,ਵੈਸੇ ਵੀ ਇੰਨਾ ਟੀਵੀ ਦੇਖਣ ਨਾਲ ਜਿਹੜੀ ਮਾੜੀ ਮੋਟੀ ਨਿਗ੍ਹਾ ਬਚੀ ਆ ਉਹ ਵੀ ਚਲੀ ਜਾਣੀ ਆ "

ਪੁੱਤ ਦੀ ਗੱਲ ਸੁਣ ਕੇ ਉਹ ਗੁੰਮ ਜਹੀ ਹੋ ਗਈ ਤੇ ਸੋਚਣ ਲੱਗੀ ਕਿ ਓਹਦੇ ਤੇ ਟੀਵੀ ਚ ਬਹੁਤਾ ਫ਼ਰਕ ਨਹੀਂ ,ਉਹ ਵੀ ਇਕ ਜਗਾਹ ਰੱਖਿਆ ਤੇ ਘਰਦੇ ਮੈਨੂੰ ਵੀ ਇਕੋ ਜਗਾਹ ਟਿਕਣ ਲਈ ਕਹਿੰਦੇ ਨੇ ,ਉਹ ਵੀ ਘਰ ਵਿਚ ਸਜਾਵਟ ਦੇ ਸਮਾਨ ਤੋਂ ਜਿਆਦਾ ਕੁਝ ਵੀ ਨਹੀਂ ।ਫਿਕਰ ਕਰਨ ਤੇ ਪਾਬੰਧੀ ਲਗਾਉਣ ਚ ਥੋੜਾ ਜਿਹਾ ਹੀ ਫ਼ਰਕ ਹੁੰਦਾ ਹੈ , ਕਦੋਂ ਮੇਰੇ ਬੱਚਿਆਂ ਦਾ ਮੇਰੇ ਲਈ ਫਿਕਰ ਕਰਨਾ ਪਾਬੰਧੀ ਚ ਬਦਲ ਗਿਆ ਓਹਨਾ ਨੂੰ ਪਤਾ ਹੀ ਨਹੀਂ ਲੱਗਿਆ ।

ਪਰਮਿੰਦਰ ਕੌਰ







# ਸ਼ੇਰ-ਏ-ਪੰਜਾਬ ਤਾਜਪੋਸ਼ੀ ਸਮਾਗਮ 1799



ਸੰਗਤ ਅੱਗੇ ਬੇਨਤੀ ਕੀਤੀ ਕੋਈ ਐਸੀ ਰੂਹ ਜਿਸਨੇ ਦਸਮ ਪਿਤਾ ਦੇ ਸ਼ਾਖਸ਼ਾਤ ਦਰਸ਼ਨ ਕੀਤੇ ਹੋਣ?

ਸੌ ਕੂ ਸਾਲ ਦਾ ਇੱਕ ਬਾਬਾ ਜੀ ਉਠਿਆ..ਜੀ ਮੈਂ ਕੀਤੇ ਨੇ ਪਰ ਦੂਰੋਂ..ਓਦੋਂ ਪੰਜ ਸਾਲ ਦਾ ਸਾਂ..ਅਨੰਦਪੁਰ ਸਾਬ ਆਪਣੇ ਬਾਬੇ ਜੀ ਨਾਲ ਗਿਆ ਸਾਂ..!

ਫੇਰ ਕਿੱਦਾਂ ਮਹਿਸੂਸ ਹੋਇਆ?

ਇੰਝ ਲੱਗਾ ਜਿੱਦਾਂ ਸੌ ਸੂਰਜਾਂ ਦੀ ਰੋਸ਼ਨੀ ਨਾਲ ਮੇਰੀਆਂ ਅੱਖੀਆਂ ਚੁੰਧਿਆ ਗਈਆਂ ਹੋਣ..ਏਨਾ ਨੂਰ..ਏਨਾ ਜਲਾਲ!

ਸਰਕਾਰ-ਏ-ਖਾਲਸਾ ਨੇ ਬਾਬੇ ਜੀ ਦੇ ਪੈਰ ਛੂਹੇ ਤੇ ਆਖਿਆ..ਜਿਦਾਂ ਤੁਹਾਨੂੰ ਓਦੋਂ ਮਹਿਸੂਸ ਹੋਇਆ ਸੀ ਅੱਜ ਤੁਹਾਡੇ ਦਰਸ਼ਨ ਕਰਕੇ ਮੈਨੂੰ ਵੀ ਉਂਝ ਹੀ ਲੱਗ ਰਿਹਾ!

ਲਾਹੌਰ ਟੇਸ਼ਨ ਤੋਂ ਗੱਡੀ ਨਾਰੋਵਾਲ ਵੱਲ ਨੂੰ ਚੱਲ ਪਈ..ਬਦਾਮੀ ਬਾਗ ਟੇਸ਼ਨ ਤੋਂ ਇੱਕ ਬਾਬਾ ਗੱਡੀ ਚੜਿਆ..ਸਰਦਾਰ ਵੇਖ ਹੱਥੀਂ ਫੜਿਆ ਹੁੱਕਾ ਪਾਸੇ ਲੂਕਾ ਦਿੱਤਾ..ਅਖ਼ੇ ਸਰਦਾਰਾ ਬੜਾ ਚੰਗਾ ਕੀਤਾ..ਆਪਣੇ ਪੁਰਖਿਆਂ ਦੀ ਧਰਤੀ ਤੇ ਆ ਗਿਆ..ਪਰ ਸੱਚ ਪੁੱਛੇ ਤੁਹਾਡੇ ਨਾਲ ਹੋਈ ਬੜੀ ਮਾੜੀ..ਨਾ ਘਰ ਦੇ ਰਹੇ ਤੇ ਨਾ ਘਾਟ ਦੇ..ਏਨੇ ਨੂੰ ਰਾਵੀ ਦਾ ਪੁਲ ਆ ਗਿਆ..ਹੋਰ ਵੀ ਕਿੰਨੇ ਸਾਰੇ ਕਿਲੇ ਅਤੇ ਇਮਾਰਤਾਂ..ਪਤਾ ਨੀ ਕਿਹੜੇ ਵਿਚ ਉਸਦੀ ਫੌਜ ਹੁੰਦੀ ਹੋਵੇਗੀ ਤੇ ਕਿਹੜੇ ਵਿਚ ਆਰ ਪਰਿਵਾਰ..ਅਜੀਬ ਮਨੋਅਵਸ੍ਥਾ..ਅਜੀਬ ਸੋਚਾਂ..ਮੇਰੀ ਰੂਹ ਨੁੱਚੜ ਗਈ..ਧੋਖੇ ਫਰੇਬਾਂ ਪਿੱਠ ਪਿੱਛੇ ਵੱਜੇ ਛੁਰਿਆਂ ਦੀ ਦਾਸਤਾਨ..ਧਿਆਨ ਸਿੰਘ ਗੁਲਾਬ ਸਿੰਘ..ਹੀਰਾ ਸਿੰਘ ਲਹਿਣਾ ਸਿੰਘ..ਅਜੋਕੇ ਸਮੇਂ ਵੀ ਬਾਹਰੀ ਤੌਰ ਤੇ ਸਿੱਖ ਬਣਨਾ ਬੜਾ ਸੌਖਾ..ਪਰ ਅੰਦਰੂਨੀ ਤੌਰ ਤੇ ਕਿਹੜਾ ਪੰਥ ਪ੍ਰਸਥ..ਤੇ ਹਿਤੈਸ਼ੀ..ਬੜੀ ਔਖੀ ਪ੍ਰੀਖਿਆ!

27 ਜੂਨ 1839 ਅੱਜ ਦੇ ਦਿਨ ਸੂਰਜ ਅਸਤ ਹੋ ਗਿਆ..ਸਦਾ ਲਈ..ਦਸ ਸਾਲਾਂ ਬਾਅਦ ਖਾਲਸਾ ਫੌਜ ਦੇ ਆਖਰੀ ਜਥੇ ਨੇ ਹਥਿਆਰ ਸੁੱਟੇ ਤਾਂ ਧਾਹਾਂ ਨਿੱਕਲ ਗਈਆਂ..ਰੋਣ ਤੇ ਪਾਬੰਦੀ ਸੀ..ਘੋੜੇ ਹੈਰਾਨ ਅੱਜ ਕੀ ਵਰਤਾਰਾ ਵਾਪਰ ਰਿਹਾ..ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ..ਫੌਜਾਂ ਜਿੱਤ ਕੇ ਅੰਤ ਨੂੰ ਹਰੀਆਂ ਨੇ..ਸਭ ਤੋਂ ਲਾਡਲੀ ਰਾਣੀ ਦੇ ਵਸਤਰ ਲੁਹਾ ਤਲਾਸ਼ੀ ਲਈ..ਬੇਇੱਜਤ ਕੀਤਾ..ਬਾਲ ਦਲੀਪ ਸਿੰਘ ਉਸਤੋਂ ਖੋਹ ਲਿਆ..!

ਕੇਰਾਂ ਸਾਡੀ ਵਲੈਤੀ ਗਾਈਂ ਦਾ ਵੱਛਾ ਪਿੰਡ ਘੱਲ ਦਿੱਤਾ..ਕਿੱਲਾ ਤੁੜਾ ਕੇ ਪੰਜ ਕਿਲੋਮੀਟਰ ਮਗਰ ਭੱਜੀ ਗਈ..ਜਾਨਵਰ ਸੀ ਪਰ ਹੈ ਤਾਂ ਇੱਕ ਮਾਂ ਦੇ ਜਜਬਾਤ..!

ਹਸ਼ਮਤ ਖ਼ਾਨ ਚੱਠਾ..ਪਿਤਾ ਮਹਾ ਸਿੰਘ ਦਾ ਕੱਟੜ ਵੈਰੀ..ਰਣਜੀਤ ਸਿੰਘ ਗਿਆਰਾਂ ਸਾਲ ਉਮਰ..ਸ਼ਿਕਾਰ ਵੇਲੇ ਕੱਲਾ ਦੂਰ ਨਿੱਕਲ ਗਿਆ..ਟਾਕਰੇ ਹੋ ਗਏ..ਸੋਚਣ ਅੱਜ ਤਾਂ ਅਸਾਂ ਛਿੱਤਰ ਨਾਲ ਬਟੇਰ ਮਾਰ ਲੈਣਾ..ਅਣਜਾਣ ਬੱਚਾ ਕਿਸੇ ਕੀਮਤ ਤੇ ਨਹੀਂ ਛੱਡਣਾ..ਪਰ ਚੜਤ ਸਿੰਘ ਦਾ ਪੋਤਰਾ..ਇੱਕੋ ਵਾਰ ਨਾਲ ਹਸ਼ਮਤ ਖ਼ਾਨ ਦਾ ਸਿਰ ਵੱਢ ਲਿਆ..ਫੇਰ ਅਧੀਨਗੀ ਕਬੂਲ ਕਰਵਾਈ ਤਾਂ ਜਾ ਕੇ ਮੋੜਿਆ..!

ਅੱਟਕ ਦਰਿਆ..ਪਾਣੀ ਚੜ ਆਇਆ ਤਾਂ ਵੀ ਘੋੜੀ ਠੱਲ ਲਈ..ਮਗਰੇ ਸਾਰੀ ਫੌਜ..ਫਤਹਿ ਫਤਹਿ ਅਤੇ ਵਿਸਮਾਦ..!

ਚਾਲੀ ਸਾਲ ਰਾਜ..ਨਾ ਕੋਈ ਦੰਗਾ..ਨਾ ਕੋਈ ਫਾਂਸੀ..ਨਾ ਕੋਈ ਵਿਦਰੋਹ ਤੇ ਨਾ ਹੀ ਸਰਕਾਰੀ ਭੰਡਾਰੇ ਹੀ ਊਣੇ ਹੋਏ..ਕਮਾਲ ਦੀ ਸਿਖਿਆ ਪ੍ਰਣਾਲੀ..ਸੱਤ ਸਮੁੰਦਰ ਪਾਰੋ ਆਏ ਅਲਾਰ੍ਡ ਅਤੇ ਵੇਂਤੂਰੇ..ਨੇਪੋਲੀਅਨ ਦੀ ਫੌਜ ਦੇ ਜਰਨੈਲ..ਨੌਕਰੀ ਤੇ ਤਾਂ ਰਖਿਆ ਜੇ ਬਾਹਰੀ ਰੂਪ ਵਿਚ ਖਾਲਸਾ ਫੌਜ ਵਰਗੇ ਲੱਗੇ..!

ਇੱਕ ਵੇਰ ਮਰਾਸੀ ਨੇ ਕਾਣਾ ਆਖ ਦਿੱਤਾ..ਸਜਾ ਨਹੀਂ ਸਗੋਂ ਇਨਾਮ ਦਿੱਤਾ..ਆਮ ਲੋਕਾਂ ਵਾਂਙ ਵਿੱਚਰਦਾ ਪਰ ਜਦੋਂ ਘੋੜੇ ਤੇ ਚੜ੍ਹਦਾ ਤਾਂ ਜਾਹੋ ਜਲਾਲ ਵੇਖਣ ਵਾਲਾ ਹੁੰਦਾ..ਕਦ ਦਾ ਮਧਰਾ ਪਰ ਰੋਹਬ ਦਬਦਬਾ ਅਖੀਰ ਤੱਕ..!

ਵਿਦੇਸ਼ ਮੰਤਰੀ ਫਕੀਰ ਅਜੀਜ-ਉੱਦ-ਦੀਨ..ਕਿਸੇ ਆਖਿਆ ਤੇਰੇ ਮਹਾਰਾਜੇ ਦੀ ਕਿਹੜੀ ਅੱਖ ਹੈਨੀ?

ਅੱਗਿਓਂ ਆਖਣ ਲੱਗਾ ਮੈਂ ਕਿਹੜਾ ਕਦੇ ਉਸਦੀ ਅੱਖ ਵਿਚ ਅੱਖ ਪਾ ਕੇ ਗੱਲ ਕੀਤੀ..!

ਅਬਦਾਲੀ ਕੋਲੋਂ ਖੋਹੀ ਭੰਗੀਆਂ ਵਾਲੀ ਤੋਪ..ਅੱਜ ਵੀ ਲਾਹੌਰ ਸ਼ਹਿਰ ਇੱਕ ਚੌਂਕ ਵਿਚ ਰੱਖੀ..ਮੁਲਤਾਨ ਦੀ ਜੰਗ ਵਿਚ ਪਹੀਆ ਟੁੱਟ ਗਿਆ..ਤੋਪਚੀ ਆਖੇ ਹਰੇਕ ਗੋਲੇ ਤੇ ਇੱਕ ਇਨਸਾਨੀ ਮੋਢਾ ਦੇਣਾ ਪੈਣਾ..ਚੱਲੂ ਜਰੂਰ..ਪਰ ਮੌਤ ਪੱਕੀ ਏ..ਖੇਮੇਂ ਵਿਚ ਹਫੜਾ ਦਫੜੀ ਮੱਚ ਗਈ..ਟੋਹ ਲੈਂਦਾ ਇੱਕ ਪਠਾਣ ਸੂਹੀਆ ਸੋਚਣ ਲੱਗਾ ਖਾਲਸਾ ਫੌਜ ਸ਼ਾਇਦ ਡਰ ਗਈ ਏ..ਪਰ ਡਰੀ ਨਹੀਂ ਸੀ ਸਗੋਂ ਸਭ ਤੋਂ ਪਹਿਲੋਂ ਮੋਢਾ ਦੇਣ ਵਾਲਿਆਂ ਵਿਚ ਵਿੱਲਖਣ ਸੰਘਰਸ਼ ਸ਼ੁਰੂ ਹੋ ਗਿਆ..ਏਨੇ ਨੂੰ ਇੱਕ ਰੋਹਬਦਾਰ ਜਥੇਦਾਰ ਅੱਗੇ ਆਇਆ..ਅਖੇ ਸਾਰੇ ਪਾਸੇ ਹਟ ਜਾਵੋ ਪਹਿਲਾ ਮੋਢਾ ਤੁਹਾਡਾ ਜਥੇਦਾਰ ਦੇਊ..ਸੂਹੀਆ ਆਖਣ ਲੱਗਾ..ਇਹ ਵਰਤਾਰਾ ਵੇਖ ਇੱਕ ਵੇਰ ਤੇ ਏਨਾ ਬੀਰ ਰਸ ਆਇਆ ਕੇ ਜੀ ਕੀਤਾ ਅਗਲਾ ਮੋਢਾ ਮੈਂ ਖੁਦ ਦੇ ਕੇ ਤੂੰਬਾ ਤੂੰਬਾ ਹੋ ਜਾਵਾਂ ਪਰ ਫੇਰ ਸੋਚ ਆਈ ਇਹ ਬਿਰਤਾਂਤ ਲਿਖਣੋਂ ਬਗੈਰ ਰਹਿ ਜਾਣਾ..!

ਦਲੀਪ ਸਿੰਘ ਨੂੰ 1863 ਵਿਚ ਕੱਲਕੱਤੇ ਮਾਂ ਰਾਣੀ ਜਿੰਦਾ ਮਿਲੀ..ਜੂੜਾ ਟੋਹਿਆ ਤਾਂ ਧਾਹ ਨਿਕਲ ਗਈ..ਸਰ ਦਾ ਸਾਈਂ ਰਣਜੀਤ ਸਿੰਘ ਅੱਜ ਮੋਇਆ..ਪੁੱਤ ਨੂੰ ਕੋਹੇਨੂਰ ਬਾਰੇ ਦੱਸਿਆ..ਅਤੀਤ ਵਿਰਾਸਤ ਸ਼ਾਨੋਂ-ਸ਼ੌਕਤ ਸਰਕਾਰ-ਏ-ਖਾਲਸਾ ਅਤੇ ਦਰਬਾਰ-ਏ-ਖਾਲਸਾ ਸਿੱਖ ਰਾਜ ਸਿੱਖ ਫੌਜ ਜਜਬਾ ਚੜਤ ਬਾਰੇ ਚੋਭਾਂ ਲਾਈਆਂ..ਜਮੀਰ ਨੂੰ ਟੁੰਭਿਆ..ਪਰ ਉਸ ਵੇਲੇ ਤੱਕ ਅੰਗਰੇਜੀ ਰੰਗ ਵਿਚ ਰੰਗਿਆ ਗਿਆ ਸੀ..ਕੋਈ ਖਾਸ ਅਸਰ ਨਾ ਹੋਇਆ..ਫੇਰ ਸੰਨ ਚੌਂਠ ਵਿਚ ਜਦੋਂ ਮੁੱਕ ਗਈ ਤਾਂ ਅੱਖੀਆਂ ਖੁਲੀਆਂ..ਪਰ ਵੇਲੇ ਦੀ ਨਮਾਜ ਕੁਵੇਲੇ ਦੀਆਂ ਟੱਕਰਾਂ..ਉੱਜੜ ਗਿਆਂ ਦਾ ਦੇਸ਼ ਨਾ ਕੋਈ..ਮਰਿਆਂ ਦੀ ਨਾ ਥਾਂ..ਨਾ ਵੇ ਰੱਬਾ ਨਾ..ਨਾ ਵੇ ਰੱਬਾ ਨਾਂ!

ਅਜੇ ਕੱਲ ਹਰੀ ਸਿੰਘ ਨਲੂਏ ਦੇ ਸ਼ਹਿਰ ਪਿਸ਼ੌਰ ਵਿਚ ਇੱਕ ਸਿੱਖ ਗੋਲੀ ਨਾਲ ਮਾਰ ਦਿੱਤਾ..ਆਟੋ ਰਿਖਸ਼ੇ ਵਿਚ ਮੂਧਾ ਪਿਆ ਸੀ..ਜਿਹਨਾਂ ਦਾ ਆਪਣਾ ਕੋਈ ਪੱਕਾ ਥਹੁ ਠਿਕਾਣਾ ਨਾ ਹੋਵੇ ਉਸਨੂੰ ਅਗਲੇ ਇੱਕ ਰਾਤ ਰੱਖ ਅਗਾਂਹ ਤੋਰ ਦਿੰਨੇ..ਜਾ ਬਾਬਾ ਹੁਣ ਕਿਧਰੇ ਹੋਰ!ਦਲੀਪ ਸਿੰਘ ਮੁੱਕ ਗਿਆ..ਧੀ ਮਹਾਰਾਣੀ ਬੰਬਾ ਦਲੀਪ ਸਿੰਘ ਲਾਹੌਰ ਆ ਗਈ..ਮਾਡਲ ਟਾਊਨ ਇੱਕ ਬੰਗਲਾ ਖਰੀਦ ਲਿਆ..ਇੱਕ ਮੁਸਲਮਾਨ ਮਾਲੀ..ਤਰਾਂ ਤਰਾਂ ਦੇ ਫੁਲ ਲਾਉਂਦਾ..ਬੰਬਾ ਫੁੱਲਾਂ ਨੂੰ ਸੁੰਘਦੀ..ਫੇਰ ਕੁਝ ਸੋਚਦੀ ਤੇ ਬਾਹਰ ਸੜਕਾਂ ਤੇ ਨਿੱਕਲ ਤੁਰਦੀ..ਮਰਹੂਮ ਦਾਦੇ ਦੀਆਂ ਕੰਸੋਵਾਂ ਲੈਂਦੀ..ਲਾਹੌਰੀਏ ਆਖਦੇ ਪਤਾ ਨੀ ਕੌਣ ਏ ਕਮਲੀ..ਐਵੇਂ ਘੁੰਮਦੀ ਰਹਿੰਦੀ..ਪਰ ਉਹ ਸ਼ਾਹੀ ਕਿਲੇ ਦੀ ਉਸ ਫਸੀਲ ਅੱਗੇ ਜਾ ਖਲੋਂਦੀ..ਜਿਥੇ ਦਾਦਾ ਦਰਬਾਰ-ਏ-ਖਾਲਸਾ ਦੀ ਸ਼ਾਨ ਹੋਇਆ ਕਰਦਾ ਸੀ..ਫੇਰ ਆਪਣੇ ਆਪ ਨਾਲ ਗੱਲਾਂ ਕਰਦੀ..ਸੰਤਾਲੀ ਵੇਲੇ ਵੀ ਲਾਹੌਰ ਨਾ ਛੱਡਿਆ..ਦਸਾਂ ਸਾਲਾਂ ਬਾਅਦ ਮੁੱਕੀ..!

ਜਿਹਨਾਂ ਦਾ ਸਭ ਕੁਝ ਲੁੱਟ ਪੁੱਟ ਲਿਆ ਜਾਂਦਾ ਓਹਨਾ ਨੂੰ ਖੁਦ ਨਾਲ ਗੱਲਾਂ ਕਰਨੀਆਂ ਆ ਹੀ ਜਾਂਦੀਆਂ..ਅਬਾਦੀਆਂ ਵੀ ਵੇਖੀਆਂ..ਬਰਬਾਦੀਆਂ ਵੀ ਵੇਖੀਆਂ..ਰਣਜੀਤ ਸਿੰਘ ਦੀ ਮੜੀ ਪਈ ਸੀ ਕੂਕਦੀ..ਇਹਨਾਂ ਗੁਲਾਮਾਂ ਨੇ ਕਦੇ ਆਜ਼ਾਦੀਆਂ ਵੀ ਵੇਖੀਆਂ!



ਹਰਪ੍ਰੀਤ ਸਿੰਘ ਜਵੰਦਾ

# ਧੀਆਂ :
## ਵਿਰਾਸਤ ਦੀਆਂ ਅਸਲੀ ਵਾਰਿਸ

ਗੱਲ 2019 ਦੀ ਹੈ... ਕਰਮ ਸਿੰਘ ਦੀ ਉਮਰ 60 ਸਾਲ ਹੋ ਚੁੱਕੀ ਸੀ। ਉਸਦੀ ਪਿੰਡ ਵਿੱਚ ਇੱਕ ਪੁਰਾਣੀ ਅਤੇ ਮਸ਼ਹੂਰ ਨਰਸਰੀ (ਬੂਟਿਆਂ ਅਤੇ ਫੁੱਲਾਂ ਦਾ ਕੰਮ) ਸੀ। ਪਰ ਸਿਹਤ ਖਰਾਬ ਰਹਿਣ ਕਾਰਨ ਪਿਛਲੇ ਕੁਝ ਸਾਲਾਂ ਤੋਂ ਕੰਮ ਠੱਪ ਹੋ ਰਿਹਾ ਸੀ। ਸ਼ਰੀਕੇ ਵਾਲੇ ਅਤੇ ਪਿੰਡ ਦੇ ਲੋਕ ਅਕਸਰ ਤਾਨੇ ਮਾਰਦੇ, *"ਕਰਮ ਸਿਆਂ, ਜੇ ਕੋਈ ਪੁੱਤ ਹੁੰਦਾ ਤਾਂ ਤੇਰਾ ਕੰਮ ਸਾਂਭ ਲੈਂਦਾ, ਹੁਣ ਤਾਂ ਇਸ ਜ਼ਮੀਨ ਨੂੰ ਵੇਚ ਕੇ ਕੁੜੀ ਦਾ ਵਿਆਹ ਕਰ ਦੇ ਤੇ ਆਪ ਵਿਹਲਾ ਹੋ ਜਾ।"*

ਕਰਮ ਸਿੰਘ ਦੀ ਧੀ 'ਅਮਨੀਤ' ਨੇ ਹੁਣੇ-ਹੁਣੇ ਸ਼ਹਿਰ ਤੋਂ ਐਮ.ਬੀ.ਏ (MBA) ਦੀ ਪੜ੍ਹਾਈ ਪੂਰੀ ਕੀਤੀ ਸੀ। ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਰਕੇ ਸ਼ਹਿਰ ਦੀਆਂ ਵੱਡੀਆਂ ਕੰਪਨੀਆਂ ਤੋਂ ਉਸਨੂੰ ਨੌਕਰੀ ਦੇ ਵਧੀਆ ਆਫਰ ਆ ਰਹੇ ਸਨ। ਪਰ ਅਮਨੀਤ ਆਪਣੇ ਪਿਓ ਦੀ ਢਿੱਲੀ ਸਿਹਤ, ਉਦਾਸੀ ਅਤੇ ਲੋਕਾਂ ਦੀਆਂ ਚੁੱਭਵੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦੀ ਸੀ।

ਇੱਕ ਦਿਨ ਜਦੋਂ ਰਿਸ਼ਤੇਦਾਰ ਘਰ ਆਏ ਹੋਏ ਸਨ ਅਤੇ ਕਰਮ ਸਿੰਘ ਨੂੰ ਜ਼ਮੀਨ ਵੇਚਣ ਲਈ ਮਜਬੂਰ ਕਰ ਰਹੇ ਸਨ, ਤਾਂ ਅਮਨੀਤ ਨੇ ਜ਼ਮੀਨ ਦੇ ਕਾਗਜ਼ਾਂ ਵਾਲੀ ਫਾਈਲ ਪਰ੍ਹਾਂ ਰੱਖਦਿਆਂ ਕਿਹਾ, *"ਬਾਪੂ ਜੀ ਦੀ ਬਣਾਈ ਇਹ ਵਿਰਾਸਤ ਵਿਕੇਗੀ ਨਹੀਂ, ਸਗੋਂ ਹੋਰ ਵਧੇਗੀ ਅਤੇ ਅੱਜ ਤੋਂ ਇਸਨੂੰ ਮੈਂ ਸਾਂਭਾਂਗੀ।"*

ਪਿੰਡ ਵਿੱਚ ਗੱਲਾਂ ਹੋਣ ਲੱਗੀਆਂ ਕਿ ਕੁੜੀ ਹੋ ਕੇ ਮਿੱਟੀ-ਘੱਟੇ ਵਾਲਾ ਕੰਮ ਕਿਵੇਂ ਕਰੇਗੀ? ਮਜ਼ਦੂਰਾਂ ਤੋਂ ਕੰਮ ਕਿਵੇਂ ਲਵੇਗੀ? ਇਹ ਤਾਂ ਦੋ ਦਿਨਾਂ ਦਾ ਸ਼ੌਂਕ ਹੈ, ਫਿਰ ਹਾਰ ਕੇ ਬੈਠ ਜਾਵੇਗੀ। ਪਰ ਅਮਨੀਤ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ। ਉਹ ਸਵੇਰੇ 5 ਵਜੇ ਉੱਠ ਕੇ ਖੇਤਾਂ ਵਿੱਚ ਜਾਂਦੀ, ਟਰੈਕਟਰ ਚਲਾਉਂਦੀ, ਕਾਮਿਆਂ ਨਾਲ ਮਿਲ ਕੇ ਕੰਮ ਕਰਦੀ ਅਤੇ ਨਵੇਂ-ਨਵੇਂ ਬੂਟਿਆਂ ਦੀ ਪਨੀਰੀ ਤਿਆਰ ਕਰਵਾਉਂਦੀ।

ਅਮਨੀਤ ਨੇ ਆਪਣੀ ਪੜ੍ਹਾਈ ਦਾ ਸਹੀ ਇਸਤੇਮਾਲ ਕਰਦਿਆਂ ਕੰਮ ਦਾ ਤਰੀਕਾ ਬਦਲ ਦਿੱਤਾ। ਉਸਨੇ ਪੁਰਾਣੀ ਨਰਸਰੀ ਨੂੰ ਆਨਲਾਈਨ ਕਰ ਦਿੱਤਾ। ਆਰਗੈਨਿਕ ਖਾਦ, ਦੁਰਲੱਭ ਪੌਦਿਆਂ ਅਤੇ ਘਰਾਂ ਦੀ ਸਜਾਵਟ ਵਾਲੇ ਬੂਟਿਆਂ ਦੀ ਸਪਲਾਈ ਪੂਰੇ ਪੰਜਾਬ ਅਤੇ ਬਾਹਰਲੇ ਸੂਬਿਆਂ ਵਿੱਚ ਹੋਣ ਲੱਗੀ। ਦੇਖਦਿਆਂ ਹੀ ਦੇਖਦਿਆਂ **'ਕਰਮ ਸਿੰਘ ਨਰਸਰੀ'** ਇੱਕ ਵੱਡਾ ਬ੍ਰਾਂਡ ਬਣ ਗਈ ਅਤੇ ਉਹਨਾਂ ਦੀ ਕਮਾਈ ਪਹਿਲਾਂ ਨਾਲੋਂ ਕਈ ਗੁਣਾ ਵੱਧ ਗਈ।



ਤਿੰਨ ਸਾਲਾਂ ਬਾਅਦ, ਉਹ ਹੀ ਰਿਸ਼ਤੇਦਾਰ ਜੋ ਜ਼ਮੀਨ ਵੇਚਣ ਦੀਆਂ ਸਲਾਹਾਂ ਦਿੰਦੇ ਸਨ, ਅੱਜ ਆਪਣੇ ਮੁੰਡਿਆਂ ਦੀ ਨੌਕਰੀ ਲਈ ਅਮਨੀਤ ਕੋਲ ਸਿਫਾਰਸ਼ਾਂ ਲੈ ਕੇ ਆ ਰਹੇ ਸਨ।

ਇੱਕ ਦਿਨ ਕਰਮ ਸਿੰਘ ਆਪਣੀ ਧੀ ਦੇ ਨਵੇਂ ਬਣੇ ਆਧੁਨਿਕ ਆਫਿਸ ਵਿੱਚ ਬੈਠਾ ਸੀ। ਅਮਨੀਤ ਨੇ ਉਸਦੇ ਹੱਥ ਵਿੱਚ ਕੰਪਨੀ ਦੇ ਨਵੇਂ ਰਜਿਸਟ੍ਰੇਸ਼ਨ ਕਾਗਜ਼ ਰੱਖੇ। ਕਰਮ ਸਿੰਘ ਨੇ ਖੋਲ੍ਹ ਕੇ ਦੇਖਿਆ ਤਾਂ ਉਸ ਉੱਤੇ ਵੱਡੇ ਅੱਖਰਾਂ ਵਿੱਚ ਲਿਖਿਆ ਸੀ— **"ਕਰਮ ਸਿੰਘ ਐਂਡ ਡਾਟਰਸ" (Karam Singh & Daughters)**।

ਕਰਮ ਸਿੰਘ ਦੀਆਂ ਅੱਖਾਂ ਭਰ ਆਈਆਂ। ਉਸਨੇ ਅਮਨੀਤ ਦਾ ਮੱਥਾ ਚੁੰਮਿਆ ਅਤੇ ਭਰੇ ਗਲੇ ਨਾਲ ਕਿਹਾ, *"ਧੀਏ, ਲੋਕ ਪੁੱਤਾਂ ਨੂੰ ਵਿਰਾਸਤ ਦਿੰਦੇ ਨੇ, ਪਰ ਤੂੰ ਤਾਂ ਮੇਰੀ ਮਰਦੀ ਹੋਈ ਵਿਰਾਸਤ ਨੂੰ ਹੀ ਜਿਉਂਦਾ ਕਰ ਦਿੱਤਾ। ਅੱਜ ਮੈਨੂੰ ਮਾਣ ਹੈ ਕਿ ਮੇਰੇ ਘਰ ਧੀ ਨੇ ਜਨਮ ਲਿਆ।"*

ਅਮਨੀਤ ਮੁਸਕਰਾਈ ਤੇ ਬੋਲੀ, *"ਬਾਪੂ, ਵਿਰਾਸਤਾਂ ਖੂਨ ਅਤੇ ਮਿਹਨਤ ਨਾਲ ਸਾਂਭੀਆਂ ਜਾਂਦੀਆਂ ਨੇ, ਜੈਂਡਰ (ਲਿੰਗ) ਨਾਲ ਨਹੀਂ।"*

ਅੱਜ ਕਰਮ ਸਿੰਘ ਦਾ ਸਿਰ ਫ਼ਖ਼ਰ ਨਾਲ ਉੱਚਾ ਸੀ, ਕਿਉਂਕਿ ਉਸਦੀ ਧੀ ਨੇ ਦੁਨੀਆ ਨੂੰ ਸਾਬਤ ਕਰ ਦਿੱਤਾ ਸੀ ਕਿ ਧੀਆਂ ਸਿਰਫ਼ ਪਰਾਇਆ ਧਨ ਨਹੀਂ ਹੁੰਦੀਆਂ, ਬਲਕਿ ਜੇਕਰ ਮੌਕਾ ਮਿਲੇ ਤਾਂ ਉਹ ਮਾਪਿਆਂ ਦਾ ਸਭ ਤੋਂ ਵੱਡਾ ਸਹਾਰਾ ਅਤੇ ਉਹਨਾਂ ਦੇ ਸੁਪਨਿਆਂ ਦੀਆਂ ਅਸਲੀ ਵਾਰਿਸ ਬਣ ਸਕਦੀਆਂ ਹਨ।

# ਮਿੰਨੀ ਕਹਾਣੀ - ਭਾਣਾ ਵਰਤ ਗਿਆ

ਜਸਵੀਰ ਦੋ ਧੀਆਂ ਦਾ ਬਾਪ ਸੀ। ਉਹ ਆਪਣੀਆਂ ਦੋਵਾਂ ਧੀਆਂ ਅਤੇ ਪਤਨੀ ਗਗਨ ਨੂੰ ਹੱਦੋਂ ਵੱਧ ਪਿਆਰ ਕਰਦਾ ਸੀ। ਪਰ ਉਸਦੀ ਮਾਂ ਅਤੇ ਪਤਨੀ ਗਗਨ ਦੀ ਮਾਂ ਹਮੇਸ਼ਾਂ ਕਹਿੰਦੀਆਂ ਰਹਿੰਦੀਆਂ, 'ਪੁੱਤਾਂ ਬਿਨਾਂ ਵੀ ਕਦੇ ਗਤੀ ਹੋਈ ਆ, ਪਰ ਇਹਨਾਂ ਨੂੰ ਕੌਣ ਸਮਝਾਵੇ ਕਿ ਇਹਨਾਂ ਪੱਥਰਾਂ ਨੇ ਤਾਂ ਕੱਲ੍ਹ ਨੂੰ ਤੁਰ ਜਾਣਾ ਆਪਣੇ-ਆਪਣੇ ਘਰ। ਫੇਰ ਕੌਣ ਸਾਂਭੂ ਇਹਨਾਂ ਬੁੱਢੇ ਢੇਰਿਆਂ ਨੂੰ। ਸਾਡੀ ਤਾਂ ਲੰਘ ਗਈ ਜਿਹੜੀ ਲੰਘਣੀ ਸੀ।' ਜਸਵੀਰ ਜੋ ਕਿ ਬੀ.ਏ. ਪਾਸ ਸੀ, ਪਰ ਇਧਰ ਕੋਈ ਚੱਜ ਦਾ ਕੰਮ ਨਾ ਮਿਲਣ ਕਰਕੇ ਸਾਊਦੀ ਅਰਬ ਗਿਆ ਹੋਇਆ ਸੀ, ਜਿੱਥੇ ਉਹ ਇੱਕ ਹੋਟਲ ਵਾਲਿਆਂ ਲਈ ਡਰਾਇਵਰੀ ਦਾ ਕੰਮ ਕਰਦਾ ਸੀ। ਉਹ ਦਿਨ ਵਿਚ 16 ਤੋਂ 18 ਘੰਟੇ ਹੱਢ ਭੰਨਵੀਂ ਮਿਹਨਤ ਕਰਦਾ ਅਤੇ ਹਰ ਦੋ ਸਾਲ ਬਾਅਦ, ਉਹ ਪਿੰਡ ਗੇੜਾ ਮਾਰ ਲੈਂਦਾ ਸੀ। ਇਸ ਵਾਰ ਜਦੋਂ ਉਹ ਮਹੀਨੇ ਕੁ ਦੀ ਛੁੱਟੀ ਲੈ ਕੇ ਪਿੰਡ ਆਇਆ ਸੀ, ਤਾਂ ਉਸਦੀ ਅਤੇ ਗਗਨ ਦੀ ਮਾਂ ਦੋਵਾਂ ਨੇ ਕਿਹਾ ਸੀ, 'ਜਿਵੇਂ ਘਰ ਨੂੰ ਢੱਕਣ ਲਈ ਛੱਤ ਦੀ ਲੋੜ ਹੁੰਦੀ ਹੈ, ਉਵੇਂ ਇਹਨਾਂ ਦੋਵਾਂ ਕੁੜੀਆਂ ਨੂੰ ਵੀ ਇੱਕ ਵੀਰ ਦੀ ਲੋੜ ਹੈ।'

'ਜੇ ਫੇਰ ਕੁੜੀ ਹੋ ਗਈ ਤਾਂ।' ਜਸਵੀਰ ਨੇ ਜੁਆਬ ਦਿੱਤਾ।

'ਤੂੰ ਐਵੇਂ ਈ ਨਾ ਬੋਲੀ ਜਾਇਆ ਕਰ। ਪ੍ਰਮਾਤਮਾ ਇਸ ਵਾਰ ਪੱਕਾ ਮੁੰਡਾ ਹੀ ਦਿਉ। ਮੈਂ ਇੱਕ ਡੇਰੇ ਵਾਲੇ ਸੰਤਾਂ ਤੋਂ ਬਹੂ ਲਈ ਦਵਾਈ ਵੀ ਲੈ ਆਈ ਹਾਂ।' ਜਸਵੀਰ ਦੀ ਮਾਂ ਬੋਲੀ ਸੀ।

ਗਗਨ ਨੇ ਵੀ ਜਦੋਂ ਇੱਕ ਹੋਰ ਚਾਂਸ ਲੈਣ ਲਈ ਹਾਮੀ ਭਰ ਦਿੱਤੀ ਤਾਂ ਜਸਵੀਰ ਵੀ ਮੰਨ ਗਿਆ ਸੀ। ਹੁਣ ਜਦੋਂ ਗਗਨ ਉਮੀਦ ਤੋਂ ਹੋ ਗਈ ਸੀ, ਪਰ ਜਸਵੀਰ ਨੂੰ ਛੁੱਟੀ ਪੂਰੀ ਹੋਣ ਕਾਰਨ ਵਾਪਸ ਮੁੜਨਾ ਪਿਆ ਸੀ। ਪਰ ਉਹ ਫੋਨ ਤੇ ਲਗਾਤਾਰ ਸੰਪਰਕ ਵਿੱਚ ਰਹਿੰਦਾ। ਡਾਕਟਰ ਨੇ ਕਿਹਾ ਹੋਇਆ ਸੀ ਕਿ ਉਮਰ ਜ਼ਿਆਦਾ ਹੋਣ ਕਾਰਨ, ਧਿਆਨ ਵੀ ਜ਼ਿਆਦਾ ਰੱਖਣ ਦੀ ਲੋੜ ਹੈ। ਜਿਵੇਂ-ਜਿਵੇਂ ਸਮਾਂ ਨੇੜੇ ਆ ਰਿਹਾ ਸੀ, ਗਗਨ ਦੀਆਂ ਮੁਸ਼ਕਿਲਾਂ ਵੀ ਵੱਧ ਰਹੀਆਂ ਸਨ।

ਅਖੀਰਲੇ ਇੱਕ ਮਹੀਨੇ ਲਈ ਤਾਂ ਡਾਕਟਰ ਨੇ ਉਸਨੂੰ ਪੂਰੀ ਬੈੱਡ ਰੈਸਟ ਲਿਖ ਦਿੱਤੀ ਸੀ। ਜਸਵੀਰ ਨੇ ਛੁੱਟੀ ਲੈ ਕੇ ਪਿੰਡ ਜਾਣਦਾ ਕਿਹਾ, ਪਰ ਹੋਟਲ ਵਾਲਿਆਂ ਨੇ ਇੱਕਦਮ ਛੁੱਟੀ ਦੇਣ ਤੋਂ ਮਨਾਂ ਕਰ ਦਿੱਤਾ, ਕਿਉਂਕਿ ਉਸਦੀ ਇੱਕ ਮਹੀਨਾ ਅੱਗੇ ਦੀ ਛੁੱਟੀ, ਪਹਿਲਾਂ ਹੀ ਮੰਨਜ਼ੂਰ ਕੀਤੀ ਜਾ ਚੁੱਕੀ ਸੀ। ਪਰ ਜਦੋਂ ਰੂਹ ਨਾਲ ਨਾ ਹੋਵੇ ਤਾਂ ਕੰਮ ਕਰਨ ਦਾ ਵੀ ਕਿੱਥੇ ਜੀਅ ਕਰਦਾ, ਇਸ ਲਈ ਉਸਨੂੰ ਹਰ ਦੂਜੇ-ਤੀਜੇ ਦਿਨ ਮਾਲਕਾਂ ਦੀ ਤਲਖੀ ਸਹਿਣੀ ਪੈਂਦੀ। ਹੁਣ ਉਹ ਸੌਂਦਾ ਵੀ ਬਹੁਤ ਘੱਟ ਸੀ, ਕਿਉਂਕਿ ਘਰ ਵਿਚ ਨਵਾਂ ਜੀਅ ਆਉਣ ਵਾਲਾ ਹੋਣ ਅਤੇ ਅਗਲੇ ਮਹੀਨੇ ਤੋਂ 2 ਮਹੀਨੇ ਦੀ ਲੰਮੀ ਛੁੱਟੀ ਜਾਂਦਾ ਹੋਣ ਕਰਕੇ, ਉਹ ਹੋਰ ਪੈਸੇ ਜੋੜ ਲੈਣਾ ਚਾਹੁੰਦਾ ਸੀ।

ਇਸੇ ਦੌਰਾਨ, ਇੱਕ ਦਿਨ ਪਿੰਡੋਂ ਉਸਦੀ ਮਾਂ ਦਾ ਫੋਨ ਆਇਆ। ਉਹ ਰੋਣ-ਹਾਕੀ ਦੱਬੀ ਜਿਹੀ ਅਵਾਜ਼ ਵਿੱਚ ਬੋਲੀ, 'ਵੇ ਪੁੱਤ! ਭਾਣਾ ਵਰਤ ਗਿਆ।' ਐਨਾ ਸੁਣਦਿਆਂ ਹੀ ਫੋਨ ਜਸਵੀਰ ਦੇ ਹੱਥੋਂ ਡਿੱਗ ਪਿਆ। ਉਹ ਥੋੜ੍ਹੇ ਸਮੇਂ ਲਈ ਸੁੰਨ ਜਿਹਾ ਹੋ ਗਿਆ, ਆਪਣੀ ਪਤਨੀ ਗਗਨ ਅਤੇ ਹੋਣ ਵਾਲੇ ਬੱਚੇ ਦਾ ਕਲਪਨਾ 'ਚ ਸਿਰਜਿਆ ਚਿਹਰਾ ਉਸਦੀਆਂ ਅੱਖਾਂ ਅੱਗੇ ਧੁੰਧਲਾ ਜਿਹਾ ਘੁੰਮਣ ਲੱਗੀਆ। ਉਸ ਨੂੰ ਘੁੰਮੇਰ ਜਿਹੀ ਆਈ ਅਤੇ ਉਹ ਇੱਕ ਪਾਸੇ ਨੂੰ ਧੜੰਮ ਡਿੱਗ ਪਿਆ। ਉਸਦੀ ਮਾਂ ਹੈਲੋ-ਹੈਲੋ ਬੋਲ ਰਹੀ ਸੀ, ਪਰ ਉਧਰੋਂ ਕੋਈ ਆਵਾਜ਼ ਨਹੀਂ ਆ ਰਹੀ ਸੀ। ਇਧਰ ਜਸਵੀਰ ਦੀ ਨਵੀਂ ਜੰਮੀ ਧੀ ਨੇ ਕਿਲਕਾਰੀ ਮਾਰੀ ਸੀ, ਉਧਰ ਜਸਵੀਰ ਦਾ ਸਿਰ ਜ਼ੋਰ ਸਿਵਾਏ ਥੱਲੇ ਵੱਜਣ ਕਰਕੇ ਦਿਮਾਗ ਦੀ ਨੱਸ ਫੱਟ ਗਈ ਸੀ ਅਤੇ ਉਸਦੇ ਪ੍ਰਾਣ ਨਿਕਲ ਗਏ ਸਨ। ਆਪਣੀ ਪੋਤੀ ਦੇ ਜਨਮ ਨੂੰ ਭਾਣਾ ਵਰਤਿਆ ਦੱਸਣ ਵਾਲੀ ਦਾਦੀ ਨੇ ਆਪਣੇ ਬੋਲਾਂ ਕਰਕੇ, ਆਪਣਾ ਪੁੱਤ ਗਵਾ ਲਿਆ ਸੀ ਅਤੇ ਭਾਣਾ ਸੱਚਮੁੱਚ ਹੀ ਵਰਤ ਗਿਆ ਸੀ, ਪਰ ਫੋਨ ਆਉਣ ਤੋਂ ਪਹਿਲਾਂ ਨਹੀਂ ਬਾਅਦ ਵਿੱਚ।

ਅਰਸ਼ਦੀਪ ਸਿੰਘ ਨਿੱਝਰ



# ਰੂਹਾਂ ਵਾਲਾ ਪਿਆਰ



ਇੰਨੇ ਸਾਲਾਂ ਬਾਅਦ ਪਤਾ ਨਹੀ ਕਿਉ, ਪਰ ਹੁਣ ਬਹੁਤ ਜਿਆਦਾ ਯਾਦ ਅਉਦੀ ਆ ਉਹ। 6 ਕੁ ਸਾਲਾਂ ਦਾ ਸੀ ਸਤਬੀਰ ਜਦੋ ਉਹ ਛੱਡ ਕੇ ਤੁਰ ਗਈ ਸੀ। 27 ਦਾ ਹੋ ਗਿਆ, ਵਿਆਹਿਆ ਵੀ ਗਿਆ। ਨੂੰਹ ਪੁੱਤ ਦੋਨੋ ਹੀ ਬਹੁਤ ਚੰਗੇ ਹਨ। ਕੁੱਝ ਹੀ ਮਹੀਨਿਆਂ ਵਿੱਚ ਕੁੜੀ ਨੇ ਸਾਰਾ ਘਰ ਹੀ ਸਾਂਭ ਲਿਆ। ਮੇਰਾ ਵੀ ਬਹੁਤ ਕਰਦੀ ਹੈ, ਰੋਟੀ-ਪਾਣੀ ਹਰ ਨਿੱਕੀ ਨਿੱਕੀ ਚੀਜ ਦਾ ਵੀ ਧਿਆਨ ਰੱਖਦੀ ਹੈ। ਪਰ ਪਤਾ ਨਹੀ ਫਿਰ ਵੀ ਕਿਉ, ਦਿਲ ਬਹੁਤ ਕਾਹਲਾ ਪੈ ਜਾਂਦਾਂ। ਜੀਅ ਕਰਦਾ ਉਹਦੇ ਨਾਲ ਰੱਜ ਰੱਜ ਗੱਲਾਂ ਕਰਾਂ ਤੇ ਉਹਦੀਆਂ ਨਾ-ਮੁੱਕਣ ਵਾਲੀਆਂ ਗੱਲਾਂ ਦੇ ਹੁੰਗਾਰੇ ਭਰਦਾ ਭਰਦਾ ਹੀ ਸੌਂ ਜਾਵਾਂ ਪਰ ਨੀਂਦ ਤਾਂ ਅਉਦੀ ਹੀ ਨਹੀ।

ਨੂੰਹ-ਪੁੱਤ ਦੀ ਜਦੋ ਖਿੜ੍ਹ-2 ਹੱਸਦਿਆਂ ਦੀ ਆਵਾਜ ਸੁਣਦਾ ਹਾਂ ਤਾਂ ਉਹ ਫੇਰ ਅੱਖਾਂ ਸਾਹਵੇਂ ਆਣ ਖਲੋ ਜਾਂਦੀ ਹੈ। ਮਨ ਵਿੱਚ ਆਇਆ ਉਦੋ ਬੀਬੀ ਦੀ ਗੱਲ ਮੰਨ ਦੂਜਾ ਵਿਆਹ ਕਰਾ ਲੈਂਦਾ ਤਾਂ ਚੰਗਾ ਸੀ ਪਰ ਦੂਜੇ ਹੀ ਪਲ ਆਵਦੀ ਸੋਚ ਤੇ ਗਿਲਾਨੀ ਆ ਗਈ। ਉਹਦੇ ਨਾਲ ਧੋਖਾ ਤਾਂ ਮੈਂ ਮਰ ਕੇ ਵੀ ਨਹੀ ਕਮਾ ਸਕਦਾ। ਯਾਦ ਆਇਆ ਕਿਵੇਂ ਬੀਬੀ ਦੇ ਬਾਹਲਾ ਜੋਰ ਪਾਉਣ ਤੇ ਮੈਂ ਇੱਕ-ਦੋ ਕੁੜੀਆਂ ਦੇਖਣ ਵੀ ਗਿਆ ਸੀ। ਪਰ ਪਤਾ ਨਹੀ ਮਰਣ ਲੱਗੀ ਵੀ ਕਿਹੜ੍ਹਾ ਜਾਦੂ ਕਰ ਗਈ ਸੀ, ਮੇਰੇ ਤੋ ਤਾਂ ਕਿਸੇ ਵੱਲ ਅੱਖ ਭਰ ਕੇ ਦੇਖਿਆ ਵੀ ਨਾ ਗਿਆ। ਉਹਦੇ ਸ਼ਬਦ ਹੀ ਕੰਨਾਂ ਵਿੱਚ ਗੂੰਜਦੇ ਰਹੇ ਕਿ ਕਿਵੇਂ ਘੁੱਟ ਗਲਵੱਕੜੀ ਪਾ ਕੇ ਕਹਿੰਦੀ ਹੁੰਦੀ ਸੀ ਕਿ, '' ਜੱਟਾਂ ਤੈਨੂੰ ਤਾਂ ਮੈਂ ਮਰ ਕੇ ਵੀ ਨਹੀ ਛੱਡਦੀ ''। ਸੱਚਮੁੱਚ ਹੀ ਉਹਨੇ ਮੈਨੂੰ ਮਰ ਕੇ ਵੀ ਨਹੀ ਛੱਡਿਆ।

ਮੇਰੀ ਦੂਜੇ ਵਿਆਹ ਨੂੰ ਕੋਰੀ ਨਾਂਹ ਸੁਣ ਕੇ ਬੀਬੀ ਨੇ ਬਥੇਰੇ ਪੰਡਤ/ਬਾਬੇ ਗਾਹੇ ਪਰ ਮੇਰੇ ਤੇ ਕੋਈ ਅਸਰ ਨਾ ਹੋਇਆਂ। ਆਵਦੇ ਆਪ ਨੂੰ ਬੱਸ ਸਤਬੀਰ ਦੇ ਹੀ ਸਮਰਪਿਤ ਕਰ ਦਿੱਤਾ ਸੀ। ਕਦੇ ਕਦੇ ਮਨ ਬੋਝਲ ਹੋ ਜਾਣਾ ਤਾਂ ਯਾਰ ਦੋਸਤਾਂ ਨੇ ਵੀ ਕਹਿਣਾ ਕਿ ਪੈੱਗ ਲਾ ਲਿਆ ਕਰ ਪਰ ਜਿਸ ਪੈੱਗ ਪਿੱਛੇ ਉਹ ਲੱੜਦੀ ਹੁੰਦੀ ਸੀ ਉਹ ਵੀ ਛੁੱਟ ਗਿਆ ਸੀ। ਚਾਹ ਕੇ ਵੀ ਕਦੀ ਪੀਅ ਨਾ ਸਕਿਆ, ਸ਼ਾਇਦ ਜਿੰਦਗੀ ਦੇ ਸਾਰੇ ਚਾਅ-ਸ਼ੌਕ ਉਹਦੇ ਨਾਲ ਹੀ ਚਲੇ ਗਏ ਸਨ।

ਉਹਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ, ਵਿਹਲੇ ਸਮੇਂ ਕੁੱਝ ਪੜਦੀ ਜਾਂ ਗੁਣਗਣਾਉਦੀ ਰਹਿੰਦੀ। ਉਦੋ ਮੈਨੂੰ ਲੱਗਦਾ ਕਿ ਐਵੇ ਸਮਾਂ ਖਰਾਬ ਕਰਦੀ ਹੈ। ਪਰ ਉਦੇ ਜਾਣ ਬਾਅਦ ਉਹੀ ਕਿਤਾਬਾਂ ਮੇਰੀਆਂ ਸਾਥੀ ਬਣੀਆਂ। ਉਹਦੀ ਛੋਹ ਵਾਲੀਆਂ ਉਹ ਕਿਤਾਂਬਾਂ, ਜਿੰਨਾਂ ਦੇ ਵਰਕਿਆਂ ਤੇ ਉਹਨੇ ਕਿਸੇ ਕਿਸੇ ਸ਼ਤਰ ਥੱਲੇ ਲਾਇਨਾਂ ਲਾ ਕੇ ਰੱਖੀਆਂ ਹੋਈਆਂ ਸਨ। ਮੈਂ ਚਿਰਾਂ ਤੱਕ ਉਹਨਾਂ ਨੂੰ ਪੜ੍ਹਦਾ ਤਾਂ ਲੱਗਦਾ ਜਿਵੇਂ ਉਹ ਮੁਸਕਰਾ ਰਹੀ ਆ। ਉਹ ਕਵਿਤਾ ਵਰਗੀ ਸੀ ਤੇ ਮੈ ਕੋਰਾ ਜੱਟ, ਉਹਦੇ ਜਿਊਦੇ ਜੀਅ ਕਦੇ ਸਮਝ ਹੀ ਨਾ ਸਕਿਆ ਉਹਨੂੰ। ਜਦੋ ਉਹ ਕਹਿੰਦੀ ਸੀ ਕਿ, ''ਜਿਸ਼ਮਾਂ ਵਿੱਚ ਤਾਂ ਸਿਰਫ ਲਗਾਅ ਹੁੰਦਾ, ਪਿਆਰ ਤਾਂ ਰੂਹਾਂ ਕਰਦੀਆਂ'', ਮੈਂਨੂੰ ਲੱਗਦਾ ਕਿ ਐਵੇ ਫਿਲਮੀ ਗੱਲਾਂ ਕਰਦੀ ਆ, ਪਰ ਉਹਦੇ ਜਾਣ ਬਾਅਦ ਸਮਝ ਆਇਆ ਕਿ ਸੱਚਮੁੱਚ ਪਿਆਰ ਤਾਂ ਰੂਹ ਨਾਲ ਹੀ ਹੁੰਦਾਂ, ਜਿਸਮ ਨਾਲ ਹੁੰਦਾਂ ਤਾਂ ਉਹਦੇ ਨਾਲ ਹੀ ਸੜ੍ਹ ਕੇ ਪਿਆਰ ਵੀ ਸਵਾਹ ਹੋ ਜਾਣਾ ਸੀ ਪਰ ਉਹ ਤਾਂ ਹੋਰ ਵੀ ਵੱਧ ਗਿਆ ਸੀ।

ਤੁਸੀ ਵੀ ਸੋਚਦੇ ਹੋਵੋਗੇ ਕਿ ਬੁੱਢਾ ਸੱਠਿਆ ਗਿਆ ਹੈ। ਮੈਨੂੰ ਵੀ ਇੰਜ ਹੀ ਲੱਗਦਾ ਜਦੋ ਮੇਰਾ ਜੀਅ ਕਰਦਾ ਕਿ ਮੈਂ ਉਹਨੂੰ ਆਵਾਜ ਦੇਵਾਂ ਪਰ ਗਲ੍ਹਾ ਭਰ ਅਉਦਾਂ ਤੇ ਰੋਣ ਨਿੱਕਲ ਜਾਂਦਾਂ। ਹੰਝੂ ਵੀ ਲਕੋ ਲੈਦਾਂ ਕਿ ਨੂੰਹ-ਪੁੱਤ ਕਿਤੇ ਮੈਨੂੰ ਸ਼ੁਦਾਈ ਹੀ ਨਾਂ ਸਮਝਣ। ਬੱਸ ਹੁਣ ਮਨ ਭਰ ਗਿਆ ਜਿੰਦਗੀ ਤੋਂ ਉਹਦੇ ਕੋਲ ਜਾਣ ਨੂੰ ਜੀਅ ਕਰਦਾ। ਪਰ ਅੱਜ ਮਨ ਥੋੜਾ ਠੀਕ ਹੈ, ਪੁੱਤ ਨੇ ਖਬਰ ਦਿੱਤੀ ਹੈ ਕਿ ਮੈਂ ਦਾਦਾ ਬਣਨ ਵਾਲਾ ਹਾਂ। ਉਹਦੇ ਲਾਏ ਬੂਟੇ ਨੂੰ ਫਲ ਲੱਗਣ ਲੱਗਾ, ਖੁਸ਼ ਤਾਂ ਹੋਣਾ ਹੀ ਹੈ।

ਆਖਰ ਉਹ ਭਾਂਗਾਂ ਵਾਲਾ ਦਿਨ ਵੀ ਆ ਗਿਆ। ਪੋਤਰੀ ਹੋਈ ਹੈ, ਮੈ ਭੱਜ ਕੇ ਮਠਿਆਈ ਲੈ ਕੇ ਹਸਪਤਾਲ ਪਹੁੰਚਿਆਂ, ਜਦੋ ਪੋਤਰੀ ਮੇਰੀ ਝੋਲੀ ਪਾਈ ਤਾਂ ਅੱਖਾਂ ਨੂੰ ਯਕੀਨ ਹੀ ਨਾਂ ਆਇਆ, ਹੂ-ਬਹੂ ਉਹੀ ਚਿਹਰਾ। ਉਸ ਨਿੱਕੀ ਜਿਹੀ ਨੇ ਵੀ ਝੱਟ ਮੇਰੀ ਉਂਗਲ ਫੱੜ ਲਈ। ਜਾਪਿਆਂ ਮੇਰਾ ਸੰਤਾਪ ਪੂਰਾ ਹੋ ਗਿਆ।

ਜਿੰਦਗੀ ਫਿਰ ਤੋ ਸੋਹਣੀ ਲੱਗਦੀ ਹੈ, ਪੋਤਰੀ ਦੀਆਂ ਤੋਤਲੀਆਂ ਗੱਲਾਂ ਤੇ ਮੁਸਕਰਾਂਹਟਾਂ ਵਿੱਚ ਮੈਨੂੰ ਉਹੀ ਦਿੱਸਦੀ ਹੈ। ਮੈਂ ਸੱਚੀ ਸੱਠਿਆਂ ਗਿਆ ਹਾਂ ਪਰ ਹੁਣ ਮੈਂ ਅਜੇ ਹੋਰ ਜਿਊਣਾ ਹੈ।

ਹਰਪ੍ਰੀਤ ਬਰਾੜ ਸਿੱਧੂ

# ਮਾਂ ਦੀਆਂ ਆਸੀਸਾਂ

## (ਜੀਵਨ ਅਨੁਭਵ)



ਉਹ ਦੱਸਦੀ ਹੈ ਮੈਨੂੰ ਘਰ ਨੂੰ ਸਜਾਉਣਾ ਬੜਾ ਪਸੰਦ ਸੀ। ਬੜਾ ਪਸੰਦ। ਜਦੋਂ ਪੇਕੇ ਸਾਂ ਤਾਂ ਜਦੋਂ ਵੀ ਮਾਂ ਨੇ ਖਰਚਣ ਲਈ ਪੈਸੇ ਦੇਣੇ ਉਸ ਦਿਨ ਬਜਾਰ ਜਰੂਰ ਜਾਣਾ ਤੇ ਚਿਰਾਂ ਤੋਂ ਸੋਚੀਆਂ ਚੀਜਾਂ ਪੌਟ ,ਡੈਕੋਰੇਸ਼ਨ ਪੀਸ ਕਰੌਕਰੀ ਜਰੂਰ ਲਿਆਉਣੇ । ਪੈਸੇ ਬਚਾ ਬਚਾ ਰੱਖਣੇ॥ਕਰਦੀ ਤਾਂ ਮਾਂ ਵੀ ਏਦਾਂ ਹੀ ਸੀ ਘਰ ਨੂੰ ਸੰਵਾਰਦੀ ਲਿਪਦੀ ਪੋਚਦੀ ।ਮਾਂ ਬੜੀ ਸੰਤੋਖੀ ਸੀ ।ਸਬਰ ਸਿਦਕ ਵਾਲੀ ਪਰ ਮਾਂ ਨੌਕਰੀ ਨਹੀਂ ਸੀ ਕਰਦੀ।ਪਿਤਾ ਜੀ ਖੇਤੀਬਾੜੀ ਕਰਦੇ ਸਨ।ਖਾਣ ਜੋਗੀ ਹੈ ਸੀ ਜਮੀਨ। ਮਾਂ ਦੇ ਹੱਥ ਤੇ ਪਿਤਾ ਜੀ ਹਾੜੀ ਸੌਣੀ ਰੱਖ ਦੇਂਦੇ ਤੇ ਮਾਂ ਉਹਨਾਂ ਚੋਂ ਹੀ ਘਰ ਦੇ ਖਰਚੇ ਚਲਾਉਦੀ ਸਾਡੀਆਂ ਫੀਸਾਂ ਭਰਦੀ ਸਾਕ ਸਕੀਰੀਆਂ ਚ ਆਉਂਦੀ ਜਾਂਦੀ ਚੰਗੇ ਮਾੜੇ ਥਾਂ ਭੁਗਤਾਉਂਦੀ ਤੇ ਫਿਰ ਵੀ ਬਚਾ ਲੈਂਦੀ ਉਸ ਵਿੱਚੋਂ ਮੇਰੇ ਵਿਆਹ ਲਈ ਦਰੀਆਂ ਖੇਸ ਲੈਂਦੀ ਫੁਲਕਾਰੀ ਵੀ ਲੈ ਕੇ ਰੱਖੀ ਸੀ। ਮੈਂ ਵੱਡੀ ਜੋ ਸਾ ਸਾਰਿਆਂ ਚੋਂ। ਵੈਸੇ ਵੀ ਮਾਵਾਂ ਤਾਂ ਧੀ ਦੇ ਜਨਮ ਤੋਂ ਹੀ ਉਸ ਦਾ ਦਾਜ ਇੱਕਠਾ ਕਰਨਾ ਸੁਰੂ ਕਰ ਦਿੰਦੀਆਂ ਨੇ। ਤਾਇਆ ਸਾਡਾ ਸਰਕਾਰੀ ਨੌਕਰ ਸੀ। ਮੈਨੂੰ ਤਾਏ ਰਤਨੇ ਦਾ ਘਰ ਬੜਾ ਚੰਗਾ ਲਗਦਾ।ਉਹ ਪੂਰਾ ਸਜਿਆ ਹੁੰਦਾ ਸੀ ਕਾਰਪੇਟ ਵੰਨ ਸੁਵੰਨੇ ਗਮਲੇ ਤਰ੍ਹਾਂ ਤਰ੍ਹਾਂ ਦਾ ਫ਼ਰਨੀਚਰ ਮੇਰਾ ਦਿਲ ਕਰਦਾ ਤਾਏ ਰਤਨੇ ਘਰ ਜੇ ਮੈ ਜੰਮ ਪੈਂਦੀ।ਮੈ ਰੱਬ ਨੂੰ ਸਦਾ ਉਲਾਂਭੇ ਦੇਂਦੀ ਰੱਬਾ ਤੇਰਾ ਕੀ ਜਾਂਦਾ ਜੇ ਮੈਂ ਤਾਏ ਦੀ ਕੁੜੀ ਹੁੰਦੀ ।ਆਪਣੀ ਮਾਂ ਨਹੀਂ ਸੀ ਚੰਗੀ ਲਗਦੀ, ਸਵੇਰੇ ਸਵੇਰ ਉਠਾਲ ਦੇਂਦੀ ਅਖੇ ਉੱਠੋ ਰੱਬ ਦਾ ਨਾਂ ਲਓ ਰੱਬ ਮੇਹਰ ਕਰੇਗਾ। ਪਤਾ ਨਹੀਂ ਕਦੋਂ ਕਰੇਗਾ। ਸਿਆਲ ਦੇ ਦਿਨਾਂ ਵਿੱਚ ਵੀ ਗੁਰ ਦੁਆਰੇ ਤੁਰ ਪੈਂਦੀ ਪੁੱਤ ਬਾਰ ਦਾ ਕੁੰਡਾ ਲਾ ਲਵੀ ਸੂ ਮੈ ਰਜਾਈ ਚੋਂ ਹੀ ਮਾਂ ਨੂੰ ਬੁਰਾ ਭਲਾ ਕਹਿੰਦੀ ਪਰ ਮਾਂ ਹਮੇਸਾ ਅਸੀਸਾਂ ਦਿੰਦੀ ਮੇਰੀ ਕਰਮਾਂ ਵਾਲੀ ਧੀ।ਅਕਸਰ ਆਖਦੀ ਜਦੋਂ ਤੂੰ ਹੋਸੀ ਬੜੀ ਫਸਲ ਹੋਈ ਸੀ ਖੌਰੇ ਕਰਮ ਕਿਵੇ ਸੌ ਗਏ। ਪਤਾ ਨਹੀਂ ਕਦੋਂ ਜਾਗਣੇ ਨੇ। ਬਰਸਾਤਾਂ ਚ ਚੌਂਦੇ ਕੋਠੇ ਤੇ ਵਿੱਚੇ ਹੀ ਤਾਰਾਂ ਬੰਨ ਕੇ ਸੁੱਕਣੇ ਪਾਏ ਕੱਪੜੇ ਮੈਨੂੰ ਦੁਖੀ ਕਰਦੇ।ਰੱਬ ਨੂੰ ਉਲਾਂਭੇ ਦੇਂਦੀ ।

ਸਵੇਰੇ ਸਵੇਰੇ ਨਾਂ ਚਾਹੁੰਦਿਆਂ ਜਦੋਂ ਮੈ ਝਾੜੂ ਲਾਉਂਦੀ ਤਾਂ ਤਾਏ ਰਤਨੇ ਘਰੋਂ ਲੜਣ ਦੀਆਂ ਆਵਾਜਾਂ ਆਉਂਦੀਆਂ ਤਾਈ ਗਰਮ ਸੁਭਾਅ ਦੀ ਸੀ ਤੇ ਤਾਇਆ ਵੀ ਪੀ ਕੇ ਫਿਰ ਅਪਣਾ ਅਸਲੀ ਰੂਪ ਵਿਖਾ ਦੇਂਦਾ।ਬੱਚਿਆਂ ਨੂੰ ਖੁੱਲੇ ਗੱਫੇ ਮਿਲਦੇ ਸਨ, ਪੈਸਿਆਂ ਦੇ ਤਾਇਆ ਨੌਕਰੀ ਕਰ ਛੱਡਦਾ ਤੇ ਤਾਈ ਆਪ ਵੀ ਬੇਹਿਸਾਬਾ ਖਰਚ ਕਰਦੀ ਤੇ ਬੱਚਿਆਂ ਨੂੰ ਵੀ ਨਾ ਟੋਕਦੀ ਹਾਲਾਤ ਉਹਨਾਂ ਦੇ ਹੌਲੀ ਹੌਲੀ ਖਰਾਬ ਹੁੰਦੇ ਰਹੇ । ਮੈਂ ਅਕਸਰ ਇਹ ਸਭ ਵੇਖ ਫਿਰ ਰੱਬ ਦਾ ਸ਼ੁਕਰ ਕਰਦੀ ਕਿ ਮੈਂ ਆਪਣੇ ਮਾਂ ਪਿਓ ਦੀ ਧੀ ਹਾਂ ।

ਜਦੋਂ ਕਦੇ ਮੇਰੇ ਵਿਆਹ ਦੀ ਗੱਲ ਚਲਦੀ ਮੈ ਆਖਦੀ ਮੈ ਤਾਂ ਸਰਕਾਰੀ ਨੌਕਰ ਨਾਲ ਵਿਆਹ ਕਰਾਊਂ ਮੇਰੇ ਕੋਲੋਂ ਨਹੀਂ ਸਰਫਿਆ ਚ ਲੰਘਦੀ ਜਿੰਦਗੀ। ਮਾਂ ਆਖਦੀ ਪੁੱਤ ਮਾਲਕ ਕੋਲੋਂ ਮੰਗਿਆ ਕਰ ਜਿਵੇਂ ਦਾ ਮਿਲੇ ਉਸ ਘਰ ਬਰਕਤਾ ਹੋਣ ਇਤਫਾਕ ਹੋਵੇ ਆਪਸ ਵਿੱਚ ਪਿਆਰ ਹੋਵੇ।ਕੋਈ ਐਬ ਨਾ ਹੋਵੇ । ਘਰ ਵਿੱਚ ਸੁੱਖ ਸਾਂਤੀ ਹੋਵੇ ਥੋੜਾ ਹੋਵੇ ਭਾਵੇ ਪਰ ਬਰਕਤਾਂ ਹੋਣ ।ਘਰਾਂ ਤੇ ਸਮਾਨ ਦਾ ਕੀ ਏ ਆਪੇ ਸਮੇਂ ਨਾਲ ਬਣ ਜਾਦਾ॥ਘਰੋਂ ਕੋਈ ਭੁੱਖਾਂ ਨਾ ਜਾਵੇ।ਮਾਂ ਅਕਸਰ ਸਾਧ ਜਾ ਫਕੀਰਾਂ ਨੂੰ ਖੈਰ ਪਾਉਂਦੀ ਤੇ ਉਹ ਸਦਾ ਅਸੀਸ ਦੇ ਕੇ ਜਾਂਦੇ ਰੰਗ ਭਾਗ ਲੱਗੇ ਰਹਿਣ ਤੇਰੇ ਬਾਗ ਪਰਿਵਾਰ ਨੂੰ ।ਮਾਂ ਅਸੀਸ ਲੈ ਝੋਲੀ ਨੂੰ ਮੱਥੇ ਲਾਉਂਦੀ ਤੇ ਮੈ ਅਕਸਰ ਹੱਸਦੀ ਆਖਦੀ , ਮਾਂ ਤੇਰਾ ਢਿੱਡ ਇਹ ਅਸੀਸਾਂ ਭਰ ਦੇਂਦੀਆ ਨੇ।ਮਾਂ ਹੱਸ ਪੈਦੀਂ

ਅਣਮੰਨੇ ਮਨ ਨਾਲ ਮਾਂ ਦੇ ਕਹਿਣ ਤੇ ਮੈ ਵੀ ਪਾਠ ਕਰਦੀ ਸਾਂ।ਮੈਨੂੰ ਵੱਡੇ ਘਰ ਦਾ ਰਿਸ਼ਤਾ ਆਇਆ ਸੀ ਪਰ ਪਿਤਾ ਜੀ ਨਹੀ ਸੀ ਮੰਨੇ ,ਆਖਦੇ ਸੀ ਮੁੰਡਾ ਸਰਾਬ ਪੀਂਦਾ ਬਹੁਤ ਨਾਲੇ ਵੱਡੇ ਘਰਾਂ ਨੂੰ ਮੱਥੇ ਲਾ ਲਏ ਤਾਂ ਦੂਜੀਆਂ ਕਿਵੇਂ ਵਿਆਹੁਣੀਆ ਨੇ॥ ਮੈਨੂੰ ਬੜਾ ਗੁੱਸਾ ਆਇਆ ਸੀ ਸ਼ਰਾਬ ਹੀ ਤਾਂ ਪੀਂਦਾ ਸੀ ਫਿਰ ਕੀ ਸੀ,ਪਰ ਮੈਂ ਕੀ ਕਹਿਣਾ ਸੀ। ਉਹ ਮੁੰਡਾ ਮੇਰੇ ਨਾਲ ਪੜਦਾ ਸੀ ਮੈਨੂੰ ਵੀ ਚੰਗਾ ਲਗਦਾ ਸੀ । ਫਿਰ ਉਸ ਦੇ ਮਾਪਿਆਂ ਉਸ ਦਾ ਵਿਆਹ ਕਰ ਦਿੱਤਾ ਪਰ ਹੌਲੀ ਹੌਲੀ ਪਤਾ ਲੱਗਿਆ ਉਹ ਤਾਂ ਵਾਕਿਆ ਹੀ ਰੱਜ ਕੇ ਸ਼ਰਾਬੀ ਸੀ ਤੇ ਸ਼ਰਾਬ ਨੇ ਹੀ ਉਸ ਦੀ ਅੱਧੀ ਜਮੀਨ ਵਿਕਾ ਛੱਡੀ ਸੀ।ਮੈਂ ਫਿਰ ਅੰਦਰ ਹੀ ਅੰਦਰ ਰੱਬ ਦਾ ਸ਼ੁਕਰ ਕੀਤਾ। ਕੁਝ ਚਿਰ ਬਾਅਦ ਮੇਰਾ ਵੀ ਵਿਆਹ ਹੋ ਗਿਆ ।ਉਹ ਹੀ ਦੋ ਕਿੱਲਿਆਂ ਦਾ ਮਾਲਕ ਮੇਰੇ ਸਿਰ ਦਾ ਸਾਈਂ ਬਣਿਆ। ਖਾਦਾ ਪੀਂਦਾ ਕੁੱਝ ਨਹੀ ਸੀ ।ਘਰ ਦੇ ਦੋ ਕਮਰੇ,ਉਹ ਵੀ ਕੱਚੇ ।ਮੈ ਅੰਦਰੋ ਖੁਸ਼ ਨਹੀਂ ਸਾਂ। ਮੈਨੂੰ ਉਸ ਦੇ ਮਿੱਟੀ ਲਿੱਬੜੇ ਕੱਪੜੇ ਵੇਖ ਖਿੱਝ ਆਉਦੀ, ਉਸਦੇ ਪਸੀਨੇ ਨਾਲ ਭਰੇ ਕੱਪੜੇ ਬਦਬੂ ਮਾਰਦੇ । ਮੈਂ ਦੱਬੀ ਸੁੱਟੀ ਦਿਨ ਲੰਘਾ ਰਹੀ ਸਾਂ ਪਰ ਉਹ ਹੈ ਦਰਵੇਸ਼ ਸੀ।ਬਿਲਕੁਲ ਸਾਧ ਗੁੱਸਾ ਨਹੀਂ ਸੀ ਕਰਦਾ।

ਮੈ ਪੜੀ ਸਾਂ ਸੋ ਉਸ ਰੱਬ ਦੇ ਬੰਦੇ ਮੈਨੂੰ ਨੌਕਰੀ ਕਰਨ ਤੋ ਨਾ ਰੋਕਿਆ।ਵੱਡਾ ਜੇਠ ਸਰਕਾਰੀ ਨੌਕਰ ਹੋ ਗਿਆ ਸੀ ਤੇ ਅੱਡ ਬਾਹਰਾ ਸੀ ਅਸੀਂ ਸੱਸ ਸਹੁਰੇ ਨਾਲ ਸਾਂ।ਸੱਸ ਵੀ ਚੰਗੀ ਸੀ ਕੁਝ ਨਹੀਂ ਸੀ ਬੋਲਦੀ ।ਮੈਂ ਟਾਇਮ ਨਾਲ ਸਕੂਲ ਚਲੀ ਜਾਂਦੀ ਤੇ ਪਿੱਛੋਂ ਸੱਸ ਤੇ ਨਣਾਨ ਘਰ ਸੰਭਾਲ ਲੈਂਦੀਆਂ।ਅੱਜ ਪ੍ਰਾਈਵੇਟ ਸਕੂਲ ਚ ਕੰਮ ਕਰਦੀਆਂ ਪਹਿਲੀ ਤਨਖਾਹ ਮਿਲੀ ਤੇ ਦਿਲ ਕੀਤਾ ਸਿੱਧੀ ਬਜਾਰ ਜਾਵਾ ਤੇ ਮਨ ਪਸੰਦ ਦਾ ਸੂਟ ਲਵਾਂ। ਮਾਂ ਯਾਦ ਆ ਗਈ।ਉਸ ਦੀਆਂ ਦਿੱਤੀਆਂ ਨਸੀਹਤਾਂ ਯਾਦ ਆ ਗਈਆਂ ਪੁੱਤ ਮਨ ਮਾਰਨਾ ਪੈਂਦਾ ਪਰਿਵਾਰ ਲਈ ਫਿਰ ਹੌਲੀ ਹੌਲੀ ਇਸ ਗੱਲ ਨਾਲ ਹੀ ਸਬਰ ਕਰਨਾ ਸਿੱਖ ਜਾਈਦਾ।ਬਰਕਤਾਂ ਆਉਦੀਆਂ, ਫਿਰ ਚੁਫੇਰੇ ਆਨੰਦ ਹੀ ਆਨੰਦ ਭਾਸਦਾ।ਇੱਕ ਖੁਸ਼ਗਵਾਰ ਘਰ ਲਈ ਇਹੀ ਜਰੂਰੀ ਹੈ, ਨਹੀ ਲਿਆ ਫਿਰ ਸੂਟ ਸੱਸ ਦੀ ਟੁੱਟੀ ਜੁੱਤੀ ਯਾਦ ਆ ਗਈ ਅੰਦਾਜੇ ਨਾਲ ਚਾਰ ਸੌ ਦੀ ਜੁੱਤੀ ਲਈ ।ਰੱਖੜੀ ਆਉਣ ਵਾਲੀ ਸੀ ਨਣਾਨ ਲਈ ਸੂਟ ਲੈ ਲਿਆ ਤੇ ਘਰ ਆ ਬਾਕੀ ਬਚੇ ਪੈਸੇ ਸੱਸ ਨੂੰ ਫੜਾ ਦਿੱਤੇ। ਜੁੱਤੀ ਵੇਖ ਬੜੀ ਖੁਸ਼ ਹੋਈ ਸੱਸ, ਚਾਅ ਨਾਲ ਸਭ ਨੂੰ ਵਿਖਾਵੇ ਬੜਾ ਚੰਗਾ ਚੰਗਾ ਲੱਗਿਆ ।ਛੋਟੀ ਜਿਹੀ ਨਣਾਨ ਦਾ ਸੂਟ ਲਕੋ ਲਿਆ ਕਹਿੰਦੀ ਰੱਖੜੀ ਤੇ ਹੀ ਦੇਵੀ ਇਸ ਨੇ ਹੁਣੇ ਸਵਾ ਲੈਣਾ ਨਹੀਂ ਤਾਂ । ਪੈਸੇ ਉਸ ਮੈਨੂੰ ਵਾਪਸ ਮੋੜ ਦਿੱਤੇ ਤੇ ਗਲ ਨਾਲ ਲਾ ਲਿਆ ਆਖਦੀ ਏ ਰੰਗ ਭਾਗ ਲੱਗੇ ਰਹਿਣ ਤੇਰੇ ਘਰ ਪਰਿਵਾਰ ਨੂੰ ਅੱਖਾ ਭਰ ਆਈਆਂ ਉਸ ਦਿਨ ਅਸੀਸਾਂ ਲੈ ਕੇ ਮਾਂ ਦੀ ਤਰ੍ਹਾਂ ਮੈ ਵੀ ਰੱਜ ਗਈ।ਮਾਂ ਠੀਕ ਕਹਿੰਦੀ ਸੀ ਪੁੱਤ ਚੀਜਾਂ ਨਾਲ ਸੁੱਖ ਨਹੀਂ ਮਿਲਦਾ ਜਿਸ ਘਰ ਆਪਸ ਵਿੱਚ ਪਿਆਰ ਹੋਵੇ ਉਹ ਘਰ ਹੀ ਬਰਕਤਾਂ ਬਰਸਦੀਆਂ ਮਾਲਕ ਦੀਆਂ। ਨਣਾਨ ਰੋਟੀ ਪਾ ਲਿਆਈ ਸਾਰੇ ਮੈਨੂੰ ਉਡੀਕਦੇ ਸਨ ਆਵੇਗੀ ਤਾਂ ਖਾਂਵਾਗੇ।ਚਟਾਈ ਤੇ ਬੈਠ ਸਭ ਨੇ ਲੂਣੀ ਮਿਸੀ ਰੋਟੀ ਖਾਧੀ ਸਭ ਦੇ ਚੇਹਰੇ ਤੇ ਸਕੂਨ ਸੀ। ਮੇਰਾ ਸਰਦਾਰ ਵੀ ਪਿਤਾ ਜੀ ਦੀ ਤਰਾਂ ਖੱਟਿਆ ਕਮਾਇਆ ਮੇਰੇ ਹੱਥ ਤੇ ਧਰਦਾ ਸੀ ਤੇ ਕਦੇ ਕਦੇ ਸਬਜੀ ਕੱਟਦੀ ਦੇ ਕੋਲ ਬਹਿ ਮਟਰ ਕੱਢ ਦੇਦਾ ਲਸਣ ਛਿੱਲ ਦੇਂਦਾ।ਮੈ ਹੱਸ ਪੈਦੀ। ਮੇਰੇ ਚੇਹਰੇ ਨੂੰ ਪੜ੍ਹ ਲੈਂਦਾ ਢਿੱਲੀ ਮੱਠੀ ਦੇਖ ਚਾਹ ਬਣਾ ਲਿਆਉਂਦਾ।ਹੁਣ ਉਹ ਮੈਨੂੰ ਬੂਝੜ ਜੱਟ ਨਹੀਂ ਸੀ ਲੱਗਦਾ।ਉਸ ਦੇ ਕੱਪੜਿਆਂ ਚ ਪਸੀਨੇ ਦੀ ਬੋਅ ਨਹੀਂ ਕਿਰਤ ਦੀ ਮਹਿਕ ਆਉਂਦੀ ਸੀ ਮੈਨੂੰ। ਹੁਣ ਮੈਂ ਉਹਨਾਂ ਦੇ ਕੰਪੜੇ ਸੰਵਾਰ ਸੰਵਾਰ ਧੋਂਦੀ ਕਲਫ ਲਾਉਦੀ ਪ੍ਰੈਸ ਕਰ ਰੱਖਦੀ।

ਹੁਣ ਚੰਗਾ ਚੰਗਾ ਲੱਗਦਾ ਸੀ ਘਰ ।ਰੌਣਕ ਮੁੜ ਆਈ ਸੀ ਮੇਰੇ ਚਿਹਰੇ ਤੇ॥ਚਿਰਾਂ ਤੋਂ ਛਾਈ ਚੁੱਪ ਤੇ ਜਿਵੇਂ ਬਹਾਰ ਆ ਗਈ ਸੀ। ਹੁਣ ਮਨ ਤੇ ਕੋਈ ਬੋਝ ਨਹੀਂ ਸੀ।ਮਾਂ ਦੀਆਂ ਅਸੀਸਾਂ ਨੇ ਰੰਗ ਭਾਗ ਲਾ ਦਿੱਤੇ ਸੀ।

ਹੁਣ ਕਦੇ ਕਦੇ ਅਪਣੇ ਆਪ ਨੂੰ ਗੁਣਗੁਣਾਉਂਦਿਆਂ ਸੁਣਦੀ ਸਾਂ ਮੈਂ ।ਮੇਰਾ ਪਸੰਦੀਦਾ ਗਾਣਾ ।ਅੱਜ ਵੀ ਗੁਣ ਗੁਣਾਉਂਦੀ ਸਾਂ ਯੇ ਤੇਰਾ ਘਰ ਯੇ ਮੇਰਾ ਘਰ ਯੇ ਘਰ ਬਹੁਤ ਹਸੀਨ ਹੈ।

Naturedeep Kahlon

# ਮੋਹ ਦਾ ਬੂਟਾ ਅਤੇ ਖੁੱਲ੍ਹੀ ਹਵਾ

ਸੁਰਜੀਤ ਕੌਰ ਦੇ ਹੱਥਾਂ ਦੇ ਸਵਾਦ ਦੀਆਂ ਤਾਰੀਫ਼ਾਂ ਸਾਰੇ ਪਰਿਵਾਰ ਵਿੱਚ ਹੁੰਦੀਆਂ ਸਨ। ਪਰ ਉਸਦੇ ਪਕਵਾਨਾਂ ਦਾ ਸਭ ਤੋਂ ਵੱਡਾ ਮੁਰੀਦ ਉਸਦਾ ਆਪਣਾ ਪੁੱਤ, ਦੀਪੂ ਸੀ। ਕਾਲਜ ਤੋਂ ਆਉਂਦਿਆਂ ਹੀ ਉਸਨੇ ਆਵਾਜ਼ ਮਾਰਨੀ, "ਬੇਬੇ, ਅੱਜ ਕੀ ਬਣਾਇਆ ਏ? ਭੁੱਖ ਨਾਲ ਜਾਨ ਨਿੱਕਲਦੀ ਪਈ ਆ!" ਸੁਰਜੀਤ ਨੇ ਹੱਸ ਕੇ ਉਸਦੀ ਪਸੰਦ ਦੀ ਪਿੰਨੀ ਜਾਂ ਪਰੌਂਠਾ ਅੱਗੇ ਰੱਖ ਦੇਣਾ। ਪੁੱਤ ਨੂੰ ਖਾਂਦਿਆਂ ਵੇਖ ਉਸਦੀ ਭੁੱਖ ਆਪੇ ਲਹਿ ਜਾਂਦੀ।

ਸਮਾਂ ਆਪਣੀ ਚਾਲੇ ਚੱਲਦਾ ਰਿਹਾ ਤੇ ਦੀਪੂ ਦਾ ਵਿਆਹ ਹੋ ਗਿਆ। ਘਰ ਵਿੱਚ ਨੂੰਹ, ਸਿਮਰਨ ਆ ਗਈ। ਪੜ੍ਹੀ-ਲਿਖੀ, ਸਿਆਣੀ ਅਤੇ ਬਹੁਤ ਸੁਚੱਜੀ। ਸੁਰਜੀਤ ਨੇ ਸੋਚਿਆ ਸੀ ਕਿ ਨੂੰਹ ਨੂੰ ਆਪਣੀ ਰਸੋਈ ਦੀਆਂ ਸਾਰੀਆਂ ਜਾਗਾਂ ਲਾ ਦੇਵੇਗੀ, ਤਾਂ ਜੋ ਦੀਪੂ ਨੂੰ ਕਦੇ ਮਾਂ ਦੇ ਹੱਥਾਂ ਦੀ ਕਮੀ ਮਹਿਸੂਸ ਨਾ ਹੋਵੇ।

ਪਰ ਵਿਆਹ ਤੋਂ ਕੁਝ ਦਿਨਾਂ ਬਾਅਦ ਹੀ ਘਰ ਦਾ ਮਾਹੌਲ ਬਦਲਣ ਲੱਗਾ। ਸਿਮਰਨ ਜਦੋਂ ਵੀ ਰਸੋਈ ਵਿੱਚ ਜਾਂਦੀ, ਸੁਰਜੀਤ ਪਿੱਛੇ ਹੀ ਖੜ੍ਹੀ ਰਹਿੰਦੀ।

"ਭੁਜੀਆ ਇੰਝ ਨਹੀਂ, ਥੋੜ੍ਹਾ ਹੋਰ ਭੁੰਨ... ਦੀਪੂ ਨੂੰ ਕੱਚਾ ਪਿਆਜ਼ ਨਹੀਂ ਪਸੰਦ..."

"ਚਾਹ ਵਿੱਚ ਪੱਤੀ ਥੋੜ੍ਹੀ ਘੱਟ ਰੱਖਿਆ ਕਰ, ਦੀਪੂ ਦੇ ਸਿਰ 'ਚ ਦਰਦ ਹੋਣ ਲੱਗ ਜਾਂਦਾ ਏ..."

ਸਿਮਰਨ ਚੁੱਪ-ਚਾਪ ਸਿਰ ਹਿਲਾ ਦਿੰਦੀ, ਪਰ ਉਸਦੇ ਚਿਹਰੇ ਦਾ ਖੇੜਾ ਕਿਤੇ ਗੁਆਚਣ ਲੱਗ ਪਿਆ। ਦੀਪੂ ਵੀ ਹੁਣ ਕੰਮ ਤੋਂ ਆ ਕੇ ਸਿੱਧਾ ਆਪਣੇ ਕਮਰੇ ਵਿੱਚ ਵੜ ਜਾਂਦਾ। ਰੋਟੀ ਵੇਲੇ ਵੀ ਮਾਂ-ਪੁੱਤ ਦੀਆਂ ਉਹ ਪੁਰਾਣੀਆਂ ਗੱਲਾਂ ਨਾ ਹੁੰਦੀਆਂ। ਕਦੇ-ਕਦੇ ਦੀਪੂ ਆਖ ਦਿੰਦਾ, "ਬੇਬੇ, ਸਿਮਰਨ ਨੂੰ ਆਪਣੇ ਹਿਸਾਬ ਨਾਲ ਬਣਾ ਲੈਣ ਦਿਆ ਕਰ, ਤੂੰ ਆਰਾਮ ਕਰਿਆ ਕਰ।"

ਇਹ ਗੱਲ ਸੁਰਜੀਤ ਦੇ ਕਾਲਜੇ ਤੀਰ ਵਾਂਗ ਲੱਗਦੀ। ਸੋਚਦੀ, "ਕੱਲ੍ਹ ਦੀ ਆਈ ਕੁੜੀ ਨੇ ਮੇਰੇ ਪੁੱਤ ਦਾ ਸਵਾਦ ਹੀ ਬਦਲ ਦਿੱਤਾ! ਹੁਣ ਮਾਂ ਦੀ ਫਿਕਰ ਵੀ ਚੁਭਦੀ ਐ ਇਹਨਾਂ ਨੂੰ।" ਹੌਲੀ-ਹੌਲੀ ਘਰ ਵਿੱਚ ਇੱਕ ਅਜੀਬ ਜਿਹੀ ਚੁੱਪ ਪਸਰ ਗਈ। ਸੁਰਜੀਤ ਅੰਦਰੋ-ਅੰਦਰੀ ਕੁੜ੍ਹਦੀ ਰਹਿੰਦੀ।

ਇੱਕ ਦਿਨ ਸੁਰਜੀਤ ਬਜ਼ਾਰੋਂ ਕੁਝ ਸੌਦਾ ਲੈਣ ਗਈ ਤਾਂ ਨਾਲ ਹੀ ਨਰਸਰੀ (ਬੂਟਿਆਂ ਵਾਲੀ ਜਗ੍ਹਾ) ਵੱਲ ਚਲੀ ਗਈ। ਉਸਨੂੰ ਗੁਲਾਬ ਦਾ ਇੱਕ ਬੜਾ ਸੋਹਣਾ ਬੂਟਾ ਪਸੰਦ ਆਇਆ। ਮਾਲੀ ਨੇ ਬੂਟਾ ਗਮਲੇ ਵਿੱਚ ਪਾ ਕੇ ਦਿੱਤਾ। ਸੁਰਜੀਤ ਨੇ ਪੁੱਛਿਆ, "ਭਾਈ, ਇਹਨੂੰ ਕਿੰਨੀ ਵਾਰ ਪਾਣੀ ਦੇਵਾਂ ਕਿ ਇਹ ਛੇਤੀ ਵੱਡਾ ਹੋਵੇ ਤੇ ਫੁੱਲਾਂ ਨਾਲ ਭਰ ਜਾਵੇ?"

ਮਾਲੀ ਮੁਸਕਰਾਇਆ ਤੇ ਕਹਿਣ ਲੱਗਾ, "ਬੀਬੀ ਜੀ, ਬਹੁਤੇ ਮੋਹ ਵਿੱਚ ਆ ਕੇ ਇਹਦੀਆਂ ਜੜ੍ਹਾਂ 'ਚ ਹਰ ਵੇਲੇ ਪਾਣੀ ਨਾ ਪਾਉਂਦੇ ਰਹਿਓ, ਨਹੀਂ ਤਾਂ ਗਲ ਜਾਵੇਗਾ। ਪੌਦੇ ਨੂੰ ਆਪਣੀਆਂ ਜੜ੍ਹਾਂ ਫੈਲਾਉਣ ਲਈ ਖੁੱਲ੍ਹੀ ਮਿੱਟੀ ਤੇ ਖੁੱਲ੍ਹੀ ਹਵਾ ਚਾਹੀਦੀ ਹੁੰਦੀ ਐ। ਜੇ ਰੋਜ਼ ਇਸਦੇ ਪੱਤੇ ਛੇੜ-ਛੇੜ ਕੇ ਵੇਖੋਗੇ ਕਿ ਕਿੰਨਾ ਵੱਡਾ ਹੋਇਆ, ਤਾਂ ਇਹ ਕਦੇ ਨਹੀਂ ਖਿੜੇਗਾ। ਇਹਨੂੰ ਥੋੜ੍ਹਾ ਆਪਣੇ ਹਾਲ 'ਤੇ ਛੱਡਣਾ ਪੈਣਾ।"

ਮਾਲੀ ਦੀ ਗੱਲ ਸੁਰਜੀਤ ਦੇ ਦਿਮਾਗ ਵਿੱਚ ਘੁੰਮ ਗਈ। "ਬਹੁਤੇ ਮੋਹ ਵਿੱਚ ਜੜ੍ਹਾਂ ਗਲ ਜਾਂਦੀਆਂ ਨੇ... ਖੁੱਲ੍ਹੀ ਹਵਾ ਚਾਹੀਦੀ ਹੁੰਦੀ ਐ..."

ਉਸਨੂੰ ਅਹਿਸਾਸ ਹੋਇਆ ਕਿ ਉਹ ਵੀ ਤਾਂ ਦੀਪੂ ਅਤੇ ਸਿਮਰਨ ਦੇ ਰਿਸ਼ਤੇ ਰੂਪੀ ਨਵੇਂ ਬੂਟੇ ਨੂੰ ਆਪਣੀਆਂ ਹਦਾਇਤਾਂ ਅਤੇ ਦਖਲਅੰਦਾਜ਼ੀ ਦੇ 'ਜ਼ਿਆਦਾ ਪਾਣੀ' ਨਾਲ ਗਾਲ਼ ਰਹੀ ਸੀ। ਉਸਨੇ ਆਪਣੀ ਨੂੰਹ ਨੂੰ ਆਪਣੇ ਹਿਸਾਬ ਨਾਲ ਘਰ ਵਿੱਚ ਜੜ੍ਹਾਂ ਲਾਉਣ ਦਾ ਮੌਕਾ ਹੀ ਕਦੋਂ ਦਿੱਤਾ ਸੀ?

ਅਗਲੀ ਸਵੇਰ ਸੁਰਜੀਤ ਰਸੋਈ ਵਿੱਚ ਨਹੀਂ ਗਈ। ਸਿਮਰਨ ਨੇ ਹੈਰਾਨੀ ਨਾਲ ਆ ਕੇ ਪੁੱਛਿਆ, "ਮੰਮੀ ਜੀ, ਅੱਜ ਨਾਸ਼ਤੇ 'ਚ ਕੀ ਬਣਾਵਾਂ? ਤੁਸੀਂ ਆਏ ਨਹੀਂ?"

ਸੁਰਜੀਤ ਨੇ ਮੁਸਕਰਾ ਕੇ ਨੂੰਹ ਦੇ ਸਿਰ 'ਤੇ ਹੱਥ ਰੱਖਿਆ ਤੇ ਬੋਲੀ, "ਧੀਏ, ਅੱਜ ਤੋਂ ਰਸੋਈ ਤੇਰੀ। ਜੋ ਤੇਰਾ ਦਿਲ ਕਰਦਾ ਏ ਬਣਾ। ਮੈਂ ਤਾਂ ਸਾਰੀ ਉਮਰ ਦੀਪੂ ਨੂੰ ਆਪਣੇ ਹੱਥਾਂ ਦਾ ਖਵਾਇਆ, ਹੁਣ ਉਹਨੂੰ ਤੇਰੇ ਹੱਥਾਂ ਦਾ ਸਵਾਦ ਵੀ ਤਾਂ ਪਤਾ ਲੱਗਣਾ ਚਾਹੀਦਾ ਏ। ਜੇ ਕੋਈ ਚੀਜ਼ ਨਾ ਵੀ ਸਹੀ ਬਣੀ, ਤਾਂ ਸਿੱਖ ਜਾਏਂਗੀ... ਮੈਂ ਵੀ ਕਿਹੜਾ ਮਾਂ ਦੇ ਢਿੱਡੋਂ ਸਿੱਖ ਕੇ ਆਈ ਸੀ।"

ਸਿਮਰਨ ਦੀਆਂ ਅੱਖਾਂ ਵਿੱਚ ਇੱਕ ਅਜੀਬ ਜਿਹੀ ਚਮਕ ਆ ਗਈ। ਉਸ ਦਿਨ ਉਸਨੇ ਨਾਸ਼ਤੇ ਵਿੱਚ ਪਾਉ-ਭਾਜੀ ਬਣਾਈ, ਜੋ ਦੀਪੂ ਨੂੰ ਬਹੁਤ ਪਸੰਦ ਆਈ। ਸ਼ਾਮ ਨੂੰ ਦੀਪੂ ਕੰਮ ਤੋਂ ਮੁੜਿਆ ਤਾਂ ਘਰ ਦਾ ਮਾਹੌਲ ਬਦਲਿਆ ਹੋਇਆ ਸੀ। ਸਿਮਰਨ ਚਹਿਕ ਰਹੀ ਸੀ ਤੇ ਸੁਰਜੀਤ ਵਿਹੜੇ ਵਿੱਚ ਬੈਠੀ ਗੁਲਾਬ ਦੇ ਬੂਟੇ ਨੂੰ ਵੇਖ ਕੇ ਮੁਸਕਰਾ ਰਹੀ ਸੀ।

ਕੁਝ ਦਿਨਾਂ ਬਾਅਦ ਸਿਮਰਨ ਆਪ ਆ ਕੇ ਸੁਰਜੀਤ ਕੋਲ ਬੈਠੀ ਤੇ ਬੋਲੀ, "ਮੰਮੀ ਜੀ, ਅੱਜ ਮੈਨੂੰ ਆਪਣੇ ਵਾਲੇ ਗੋਭੀ ਦੇ ਪਰੌਂਠੇ ਬਣਾਉਣੇ ਸਿਖਾਓ, ਦੀਪੂ ਕਹਿੰਦਾ ਸੀ ਕਿ ਮਾਂ ਦੇ ਹੱਥਾਂ ਵਰਗੀ ਗੱਲ ਕਿਤੇ ਹੋਰ ਨਹੀਂ।"

ਸੁਰਜੀਤ ਦਾ ਦਿਲ ਬਾਗੋ-ਬਾਗ ਹੋ ਗਿਆ। ਜਿਸ ਪਿਆਰ ਅਤੇ ਸਤਿਕਾਰ ਨੂੰ ਉਹ ਜ਼ਬਰਦਸਤੀ ਖੋਹਣਾ ਚਾਹੁੰਦੀ ਸੀ, ਉਹ 'ਖੁੱਲ੍ਹ' ਦੇਣ ਨਾਲ ਆਪੇ ਉਸਦੀ ਝੋਲੀ ਵਿੱਚ ਆ ਡਿੱਗਾ ਸੀ।

ਸਿੱਖਿਆ:

ਰਿਸ਼ਤਿਆਂ ਦੀ ਡੋਰ ਨੂੰ ਜਿੰਨਾ ਕੱਸ ਕੇ ਫੜੋਗੇ, ਉਹ ਓਨੀ ਹੀ ਛੇਤੀ ਟੁੱਟੇਗੀ ਜਾਂ ਉਂਗਲਾਂ ਵੱਢੇਗੀ। ਜਦੋਂ ਬੱਚੇ ਵੱਡੇ ਹੋ ਜਾਣ ਜਾਂ ਨਵੇਂ ਰਿਸ਼ਤੇ ਘਰ ਵਿੱਚ ਆਉਣ, ਤਾਂ ਉਹਨਾਂ ਨੂੰ ਆਪਣੇ ਹਿਸਾਬ ਨਾਲ ਜਿਉਣ ਦੀ ਥੋੜ੍ਹੀ ਖੁੱਲ੍ਹ (ਸ਼ਪਓਚਏ) ਦੇਣੀ ਲਾਜ਼ਮੀ ਹੈ। ਖੁੱਲ੍ਹੇ ਅਸਮਾਨ ਵਿੱਚ ਉੱਡਣ ਵਾਲੇ ਪੰਛੀ ਆਥਣੇ ਆਪਣੇ ਆਲ੍ਹਣੇ ਵਿੱਚ ਹੀ ਮੁੜਦੇ ਹਨ। ਬੇਲੋੜੀ ਦਖਲਅੰਦਾਜ਼ੀ ਛੱਡ ਕੇ ਵੇਖੋ, ਜ਼ਿੰਦਗੀ ਬਹੁਤ ਸੌਖੀ ਤੇ ਸੁਹਾਵਣੀ ਹੋ ਜਾਵੇਗੀ।











